

# ਹਸਤੀ ਦੁਨੀਆ

₹15/-

Hansti Duniya (Punjabi)
◆ Vol. 43 ◆ No. 9
◆ September 2019





# ਹੰਸਤੀ ਦੁਨੀਆ

• Vol.43 • ਅੰਕ : 09 • ਸਤੰਬਰ 2019 • Pages : 52

(ਬੱਚਿਆਂ ਦੇ ਬੌਧਿਕ ਵਿਕਾਸ ਦੀ ਅਨੋਖੀ ਪਤ੍ਰਿਕਾ)

Also published in Hindi, English & Marathi

Printer & Publisher C.L. Gulati, on behalf of Sant Nirankari Mandal, Delhi-9, printed at M.P. Printers, B-220, Phase-II, NOIDA - 201305 (UP) & published at Sant Nirankari Satsang Bhawan, Sant Nirankari Colony, Delhi-110009



*Editor (Honorary)*
Sulekh Singh 'Sathi'

**Email:** editorial@nirankari.org

**Ph.:** 011-47660200
**Fax:** 011-27608215
**Website:** http//www.nirankari.org
kids.nirankari.org


## Subscription Value

| Country | 1 Year | 3 Years | 5 Years | 11 Years |
|---|---|---|---|---|
| India/Nepal | ₹ 150 | ₹ 400 | ₹ 700 | ₹ 1500 |
| U.K. | £15 | £40 | £70 | £150 |
| Europe | €20 | €55 | €95 | €200 |
| USA | $25 | $70 | $120 | $250 |
| Canada/ Australia | $30 | $85 | $140 | $300 |

Other Countries
Equivalent to U.S. Dollars as mentioned above.







## ਸਤੰਭ


| | |
|---|---|
| ਸਭ ਤੋਂ ਪਹਿਲਾਂ | 04 |
| ਵਿਗਿਆਨ ਪ੍ਰਸ਼ਨੋਤਰੀ | 10 |
| ਹਾਸਾ-ਖੇਡਾ | 16 |
| ਸਾਧਾਰਣ ਗਿਆਨ ਪ੍ਰਸ਼ਨੋਤਰੀ | 19 |
| ਕੀ ਤੁਸੀਂ ਜਾਣਦੇ ਹੋ? | 27 |
| ਰੰਗ ਭਰੋ ਪ੍ਰਤੀਯੋਗਿਤਾ | 38 |
| ਕਦੇ ਨਾ ਭੁੱਲੋ | 42 |
| ਬੁੱਧੀ ਦੀ ਪਰਖ | 50 |




## ਚਿੱਤਰਕਥਾਵਾਂ



| | |
|---|---|
| ਕਿੱਟੀ | 20 |
| ਦਾਦਾ ਜੀ | 46 |













## ਕਹਾਣੀਆਂ

ਕਿੰਨੇ ਪਾਰਸ
– ਦਿਪਾਂਸ਼ੂ ਜੈਨ 06
ਤੇਨਾਲੀ ਰਾਮ ਦੀ ਸੂਝ-ਬੂਝ
-ਹਰਿੰਦਰ ਸਿੰਘ ਗੋਗਨਾ 12
ਸਭ ਤੋਂ ਮਹਾਨ ਕੌਣ?
– ਰਾਧਾ ਨਾਚੀਜ਼ 13
ਤਿੰਨ ਚੂਹੇ
– ਮਨਿੰਦਰ ਸਿੰਘ 15
ਭਰਮ
– ਰਾਧੇ ਲਾਲ ਨਵਚੱਕਰ 28
ਛੋਟੀ ਜਿਹੀ ਗੱਲ
– ਰਜਨੀਸ਼ 30
ਕਰੋਧ
– ਜਸਵਿੰਦਰ 35
ਅਤਿਆਚਾਰ ਦਾ ਅੰਤ
– ਚੰਦਰਭਾਨ 40
ਬੱਦਲ ਅਤੇ ਸਮੁੰਦਰ
– ਗੁਰਦੇਵ ਸਿੰਘ 43

## ਗੀਤ-ਕਵਿਤਾਵਾਂ

ਅਧਿਆਪਕਾਂ ਦਾ ਸਤਿਕਾਰ ਕਰੀਏ
– ਦੀਪੀ ਬਲੂਆਣਾ 05
ਦੂਰ ਕਰੋ ਪ੍ਰਦੂਸ਼ਣ
– ਰਣਜੀਤ ਆਜ਼ਾਦ 11
ਬੱਚੇ
– ਜਸਵਿੰਦਰ ਸ਼ਾਇਰ 26
ਨਿੱਕੀ ਜਿਹੀ ਗੁੱਡੀਆ
– ਸੁਖਦੇਵ ਗਿੱਲ 34
ਭਗਵਾਨ ਦੇ ਬੱਚੇ
– ਬਲਵਿੰਦਰ ਬਾਲਮ 36
ਰੁੱਖ ਲਗਾਈਏ
– ਅਮਨਪ੍ਰੀਤ ਸਿੰਘ 44

## ਵਿਸ਼ੇਸ਼ ਲੇਖ

ਸੂਰਜ ਦੀ ਬੇਟੀ- ਕਪਾਹ
– ਜੈਇੰਦਰ 09
ਹਰੜ ਵਿਚ ਅਦਭੁੱਤ ਗੁਣ
– ਵਿਪਿਨ ਕੁਮਾਰ 14
ਅਜਬ ਅਨੋਖੇ ਡੱਡੂ
– ਕਿਰਣ ਬਾਲਾ 18
ਪੜ੍ਹੋ ਅਤੇ ਵਧੋ
– ਮਨਮੋਹਨ ਬਾਵਾ 24
ਮੱਛੀਆਂ ਦਾ ਅਦਭੁੱਤ ਸੰਸਾਰ
– ਯੋਗੇਸ਼ ਕੁਮਾਰ 39
ਲੰਬੀ ਪੂਛ ਵਾਲਾ ਪੰਛੀ- ਮਹਾਲਤ
– ਡਾ. ਪਰਸ਼ੂਰਾਮ 45

ਸਭ ਤੋਂ ਪਹਿਲਾਂ

# ਮਿਹਨਤ ਅਤੇ ਲਗਨ





ਅੱਜ ਸਕੂਲ ਵਿਚ ਬੜੀ ਰੌਣਕ ਸੀ। ਬੱਚੇ ਨਵੇਂ-ਨਵੇਂ ਅਤੇ ਫੈਂਸੀ ਡ੍ਰੈਸ ਵਿਚ ਸਕੂਲ ਆ ਰਹੇ ਸਨ। ਸਕੂਲ ਦੀ ਘੰਟੀ ਵੱਜੀ ਤਾਂ ਸਾਰੇ ਬੱਚੇ ਆਪਣੇ-ਆਪਣੇ ਕਲਾਸ ਰੂਮ ਵਿਚ ਆ ਗਏ ਪਰ ਅੱਜ ਅਧਿਆਪਕ ਕਿਸੇ ਵੀ ਕਲਾਸ ਵਿਚ ਅਜੇ ਨਹੀਂ ਸਨ ਆਏ। ਹਰ ਕਲਾਸ ਵਿਚ ਇਕ ਇਕ ਬੱਚਾ ਜੋ ਅੱਜ ਅਧਿਆਪਕ ਵਾਲੀ ਡ੍ਰੈਸ ਵਿਚ ਸੀ, ਉਹ ਆਇਆ ਅਤੇ ਉਸ ਨੇ ਹੀ ਪੜਾਈ ਦਾ ਕੰਮ ਸ਼ੁਰੂ ਕੀਤਾ। ਬੱਚੇ ਵੀ ਬੜੇ ਉਤਸ਼ਾਹ ਨਾਲ ਅਧਿਆਪਕ ਬਣੇ ਬੱਚਿਆਂ ਦੀਆਂ ਗੱਲਾਂ ਸੁਣ ਰਹੇ ਸਨ ਅਤੇ ਖੁਸ਼ੀ ਮਹਿਸੂਸ ਕਰ ਰਹੇ ਸਨ।

ਥੋੜੀ ਦੇਰ ਇਸ ਤਰ੍ਹਾਂ ਹੀ ਚਲਦਾ ਰਿਹਾ। ਫਿਰ ਕਲਾਸ ਟੀਚਰ ਆਪਣੀ-ਆਪਣੀ ਕਲਾਸ ਵਿਚ ਆਏ। ਸਾਰੇ ਬੱਚਿਆਂ ਨੇ ਉਤਸ਼ਾਹ ਨਾਲ ਉਹਨਾਂ ਦਾ ਸੁਆਗਤ ਕੀਤਾ। ਕਈ ਬੱਚਿਆਂ ਨੇ ਆਪਣੇ ਵੱਲੋਂ ਲਿਆਂਦੇ ਤੋਹਫੇ ਆਪਣੇ ਅਧਿਆਪਕਾਂ ਨੂੰ ਭੇਂਟ ਕਰਕੇ, ਉਹਨਾਂ ਦੇ ਚਰਨ ਛੂਹ ਕੇ ਆਪਣਾ ਆਦਰ ਸਨਮਾਨ ਪ੍ਰਗਟ ਕੀਤਾ। ਅਧਿਆਪਕਾਂ ਨੇ ਵੀ ਪਿਆਰ ਨਾਲ ਉਹਨਾਂ ਦਾ ਸਨਮਾਨ-ਸਵੀਕਾਰ ਕੀਤਾ।

ਜਾਣਦੇ ਹੋ ਬੱਚਿਓ ! ਅੱਜ ਇਹ ਬਦਲਿਆ-ਬਦਲਿਆ ਨਜ਼ਾਰਾ ਕਿਉਂ ਨਜ਼ਰ ਆ ਰਿਹਾ ਹੈ? ਕਿਉਂਕਿ ਅੱਜ 5 ਸਤੰਬਰ ਦਾ ਦਿਨ ਹੈ ਜਿਸ ਨੂੰ ਅਧਿਆਪਕ ਦਿਵਸ ਕਿਹਾ ਜਾਂਦਾ ਹੈ। ਭਾਰਤ ਦੇ ਦੂਜੇ ਰਾਸ਼ਟਰਪਤੀ ਡਾ. ਸਰਵਪੱਲੀ ਰਾਧਾਕ੍ਰਿਸ਼ਣਨ ਜੀ ਦਾ ਇਹ ਜਨਮਦਿਨ ਹੈ। ਡਾ. ਰਾਧਾਕ੍ਰਿਸ਼ਣਨ ਬਹੁਤ ਹੀ ਸਧਾਰਣ ਜਿਹੇ ਬ੍ਰਾਹਮਣ ਪਰਿਵਾਰ ਵਿਚ ਜੰਮੇ ਸਨ। ਉਹਨਾਂ ਨੂੰ ਕੋਈ ਜ਼ਿਆਦਾ ਸੁੱਖ-ਸਹੂਲਤਾਂ ਪ੍ਰਾਪਤ ਨਹੀਂ ਸਨ ਹਾਸਿਲ, ਪਰ ਲਗਨ ਅਤੇ ਮਿਹਨਤ ਦੀ ਕੋਈ ਕਮੀ ਨਹੀਂ ਸੀ। ਇਸਦਾ ਹੀ ਨਤੀਜਾ ਸੀ ਕਿ ਉਹਨਾਂ ਨੂੰ ਯੋਗ ਸਾਧਨ ਉਪਲਬਧ ਨਾ ਹੋਣ ਦੇ ਬਾਵਜੂਦ ਉਹਨਾਂ ਐਮ.ਏ ਫਿਲਾਸਫੀ ਦੀ ਪੜ੍ਹਾਈ ਕੀਤੀ ਅਤੇ ਮਗਰੋਂ ਫਿਲਾਸਫੀ ਦੇ ਪ੍ਰੋਫੈਸਰ ਬਣੇ। ਸਮਾਜਿਕ ਅਤੇ ਰਾਜਨੀਤਿਕ ਜੀਵਨ ਦੀ ਹਰ ਉਚਾਈ ਉਹਨਾਂ ਨੇ ਹਾਸਿਲ ਕੀਤੀ ਅਤੇ ਵਿਦਿਅਕ ਖੇਤਰ ਵਿਚ ਕਈ ਅਵਾਰਡ ਅਤੇ ਸਨਮਾਨ ਹਾਸਿਲ ਕੀਤੇ। 1954 ਵਿਚ ਉਹਨਾਂ ਨੂੰ ਭਾਰਤ ਰਤਨ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ। ਸੰਨ 1962 ਵਿਚ ਜਦ ਉਹ ਭਾਰਤ ਦੇ ਦੂਜੇ ਰਾਸ਼ਟਰਪਤੀ ਬਣੇ ਤਾਂ ਉਹਨਾ ਦੇ ਕਈ ਅਧਿਆਪਕ ਮਿੱਤਰ ਉਹਨਾਂ ਨੂੰ ਮਿਲਣ ਅਤੇ ਮੁਬਾਰਕਵਾਦ ਦੇਣ ਲਈ ਪਹੁੰਚੇ ਅਤੇ ਉਨ੍ਹਾਂ ਦੇ ਜਨਮਦਿਵਸ 5 ਸਤੰਬਰ ਨੂੰ ਬੜੀ ਧੂਮਧਾਮ ਨਾਲ ਮਨਾਉਣ ਦੀ ਗੱਲ ਕੀਤੀ ਤਾਂ ਉਹਨਾਂ ਕਿਹਾ ਕਿ ਮੈਨੂੰ ਬੜੀ ਖੁਸ਼ੀ ਹੋਵੇਗੀ ਜੇ ਮੇਰਾ ਜਨਮਦਿਨ 'ਅਧਿਆਪਕ ਦਿਵਸ' ਦੇ ਰੂਪ ਵਿਚ ਮਨਾਇਆ ਜਾਵੇ। ਉਸ ਦਿਨ ਤੋਂ ਬਾਅਦ ਹਰ ਸਾਲ 5 ਸਤੰਬਰ ਦਾ ਦਿਨ 'ਅਧਿਆਪਕ ਦਿਵਸ' ਦੇ ਰੂਪ ਵਿਚ ਮਨਾਇਆ ਜਾਣ ਲੱਗਾ।

ਪਿਆਰੇ ਬੱਚਿਓ ! ਇਕ ਸਾਧਾਰਣ ਪਰਿਵਾਰ ਵਿਚ ਜਨਮ ਲੈਣ ਵਾਲੇ ਇਨਸਾਨ ਦਾ ਆਪਣੀ ਮਿਹਨਤ ਤੇ ਲਗਨ ਸਦਕਾ ਭਾਰਤ ਦੇ ਰਾਸ਼ਟਰਪਤੀ ਦੇ ਪਦ ਤਕ ਪਹੁੰਚਣਾ ਇਹ ਸਾਬਿਤ ਕਰਦਾ ਹੈ ਕਿ ਜੇਕਰ ਮਿਹਨਤ ਅਤੇ ਲਗਨ ਸੱਚੀ ਹੋਵੇ ਤਾਂ ਕੋਈ ਵੀ ਪ੍ਰਾਪਤੀ ਅਸੰਭਵ ਨਹੀਂ। ਇਸ ਲਈ ਜ਼ਰੂਰੀ ਹੈ ਕਿ ਅਸੀਂ ਸਾਰੇ ਆਪਣੀ ਪੜ੍ਹਾਈ ਪੂਰੀ ਮਿਹਨਤ ਅਤੇ ਲਗਨ ਨਾਲ ਕਰੀਏ।

ਸੁਲੇਖ 'ਸਾਥੀ'
ssathi_2007@yahoo.com

❒ ਦੀਪੀ 'ਬੱਲੂਆਣਾ'

# ਅਧਿਆਪਕਾਂ ਦਾ
## ਸਦਾ ਸਤਿਕਾਰ ਕਰੀਏ


ਮਿਹਨਤ ਤੋਂ ਮਨ ਨਾ ਚੁਰਾਉਣਾ ਬੱਚਿਉ।
ਔਕੜਾਂ ਤੋਂ ਨਹੀਉਂ, ਘਬਰਾਉਣਾ ਬੱਚਿਉ।

ਔਕੜਾਂ ਵੀ ਜ਼ਿੰਦਗੀ ਦਾ ਹਿੱਸਾ ਹੁੰਦੀਆਂ।
ਹਰ ਬੰਦੇ ਦਾ ਹੀ, ਇਹ ਤਾਂ ਕਿੱਸਾ ਹੁੰਦੀਆਂ।
ਮਜ਼ਬੂਤ ਖੁਦ ਨੂੰ ਬਣਾਉ ਬੱਚਿਉ - - -

ਚੰਗੇ ਇਨਸਾਨ ਬਣੋਂ ਲਿਖ-ਪੜ੍ਹ ਕੇ।
ਦੁਨੀਆ ਵੀ ਵੇਖੇ ਜਦੋਂ ਖੜ੍ਹ-ਖੜ੍ਹ ਕੇ।
ਮਨ'ਚ ਹੰਕਾਰ ਨਹੀਂ, ਲਿਆਉਣਾ ਬੱਚਿਉ - - -

ਕੰਮ ਤੇ ਪੜ੍ਹਾਈ ਦਿਲ ਲਾ ਕੇ ਕਰੀਏ।
ਸਮਝ ਦਿਮਾਗ'ਚ ਬਿਠਾ ਕੇ ਕਰੀਏ।
ਰੱਟਾ ਨਹੀਂ ਕਦੇ ਵੀ ਲਗਾਉਣਾ ਬੱਚਿਉ - - -

ਅਧਿਆਪਕਾਂ ਦਾ ਸਦਾ ਸਤਿਕਾਰ ਕਰੀਏ।
ਦੀਪੀ 'ਬੱਲੂਆਣੇ' ਉਚਾ ਮਿਆਰ ਕਰੀਏ।
ਇਨ੍ਹਾਂ ਨੇ ਹੀ ਪਾਰ ਹੈ ਲਗਾਉਣਾ ਬੱਚਿਉ - - -





# ਕਿੰਨੇ ਪਾਰਸ?

ਬਾਲ ਕਹਾਣੀ : ਦੀਪਾਂਸ਼ੂ ਜੈਨ

ਚੰਦਰਭਾਗਾ ਨਦੀ ਦੇ ਕਿਨਾਰੇ ਤੇ ਇਕ ਮੰਦਿਰ ਸੀ। ਉਸ ਦੇ ਇਕ ਹਿੱਸੇ ਵਿੱਚ ਬਿਨੂਲ ਭਗਵਾਨ ਦੀ ਮੂਰਤੀ ਸੀ ਅਤੇ ਦੂਸਰੇ ਹਿੱਸੇ ਵਿੱਚ ਰਖਮਾ ਦੇਵੀ ਦੀ ਮੂਰਤੀ ਸੀ। ਇਕ ਵਾਰ ਰਖਮਾ ਦੇਵੀ ਨੂੰ ਇਕ ਸੱਚਾ ਭਗਤ ਮਿਲ ਗਿਆ। ਨਾਮ ਸੀ ਪਰਸਾ ਭਗਤ। ਉਸੇ ਮੰਦਿਰ ਵਿੱਚ ਬਿਨੂਲ ਭਗਵਾਨ ਦੇ ਚਰਨਾਂ ਵਿੱਚ ਹਜ਼ਾਰਾਂ ਭਗਤ ਰੋਜ਼ ਝੁਕੇ ਰਹਿੰਦੇ ਸਨ ਪ੍ਰੰਤੂ ਪਰਸਾ ਭਗਤ ਨੂੰ ਜਿਵੇਂ ਉਹਨਾਂ ਨਾਲ ਕੋਈ ਸਰੋਕਾਰ ਹੀ ਨਹੀਂ ਸੀ। ਉਹ ਰਖਮਾ ਦੇਵੀ ਦਾ ਹੀ ਭਗਤ ਸੀ। ਦੋ-ਚਾਰ ਘਰਾਂ ਵਿੱਚ ਪੁਰੋਹਿਤ ਦਾ ਕੰਮ ਕਰਨ ਦੇ ਬਾਦ, ਜੋ ਵੀ ਸਮਾਂ ਬਚਦਾ, ਉਹ ਰਖਮਾ ਦੇਵੀ ਦੇ ਮੰਦਿਰ ਵਿੱਚ ਭਜਨ-ਕੀਰਤਨ ਕਰਨ ਵਿੱਚ ਬਿਤਾਉਂਦਾ।

ਪਰਸਾ ਦੀ ਦ੍ਰਿੜ ਭਗਤੀ ਤੋਂ ਰਖਮਾ ਦੇਵੀ ਜਲਦੀ ਹੀ ਖੁਸ਼ ਹੋ ਗਈ। ਇਕ ਦਿਨ ਉਹਨਾਂ ਨੇ ਪਰਸਾ ਨੂੰ ਪਾਰਸ ਪੱਥਰ ਦੇ ਕੇ ਕਿਹਾ – ਪਰਸਾ, ਇਸ ਨਾਲ ਤੇਰੀ ਗਰੀਬੀ ਦੂਰ ਹੋ ਜਾਏਗੀ।

ਪਰਸਾ ਖੁਸ਼ੀ-ਖੁਸ਼ੀ ਘਰ ਆਇਆ। ਪਤਨੀ ਨੂੰ ਪਾਰਸ ਵਿਖਾ ਕੇ ਬੋਲਿਆ- ਮੈਨੂੰ ਰਖਮਾ ਦੇਵੀ ਦਾ ਵਰਦਾਨ ਮਿਲ ਗਿਆ। ਇਹ ਵੇਖ।

– ਇਹ ਤਾਂ ਇਕ ਪੱਥਰ ਹੈ। ਇਸ ਵਿੱਚ ਖੁਸ਼ੀ ਦੀ ਕੀ ਗੱਲ?- ਪਤਨੀ ਨੇ ਕਿਹਾ।

– ਪਗਲੀ ਇਹ ਕੋਈ ਮਾਮੂਲੀ ਪੱਥਰ ਨਹੀਂ। ਪਾਰਸ ਪੱਥਰ ਹੈ। ਜਾ, ਲੋਹੇ ਦੀ ਕੋਈ ਚੀਜ਼ ਲੈ ਆ। ਹੁਣੇ ਚਮਤਕਾਰ ਵਿਖਾਉਂਦਾ ਹਾਂ।

ਪਰਸਾ ਦੀ ਪਤਨੀ ਜਲਦੀ ਨਾਲ ਲੋਹੇ ਦਾ ਬਰਤਨ ਉਠਾ ਲਿਆਈ। ਪਰਸਾ ਨੇ ਪਾਰਸ ਪੱਥਰ ਛੁਆ ਦਿੱਤਾ ਤਾਂ ਉਹ ਸੋਨੇ ਦਾ ਬਣ ਗਿਆ।

– ਕੀ ਸਚਮੁਚ ਇਹ ਸੋਨੇ ਦਾ ਬਣ ਗਿਆ। -ਉਸ ਨੇ ਖੁਸ਼ੀ ਨਾਲ ਉਛਲਦੇ ਹੋਏ ਕਿਹਾ।

-ਹਾਂ, ਪਰ ਪਾਰਸ ਪੱਥਰ ਦੀ ਗੱਲ ਕਿਸੀ ਨੂੰ ਦੱਸਣਾ ਨਹੀਂ। – ਪਰਸਾ ਨੇ ਆਪਣੀ ਪਤਨੀ ਨੂੰ ਸਮਝਾਇਆ।

– ਚੰਗਾ – ਪਤਨੀ ਨੇ ਸਿਰ ਹਿਲਾਇਆ।

ਉਸ ਦਿਨ ਤੋਂ ਪਰਸਾ ਦੀ ਗਰੀਬੀ ਦਾ ਸਾਰਾ ਦੁਖ

ਜਾਂਦਾ ਰਿਹਾ। ਵਿੱਚ-ਵਿੱਚ ਪਰਸਾ ਲੋਹੇ ਨੂੰ ਪਾਰਸ ਨਾਲ ਛੂਆ ਕੇ ਸੋਨਾ ਬਣਾਉਂਦਾ। ਉਹਨੂੰ ਬਾਜ਼ਾਰ ਵਿੱਚ ਵੇਚ ਕੇ ਲੋੜ ਅਤੇ ਸੁਖ-ਸਹੂਲਤ ਦਾ ਸਾਮਾਨ ਲੈ ਆਉਂਦਾ। ਪਹਿਲਾਂ ਪਤਨੀ ਨੂੰ ਪਰਸਾ ਨਾਲ ਸ਼ਿਕਾਇਤ ਰਹਿੰਦੀ ਸੀ, ਉਹ ਸਾਰਾ ਸਮਾਂ ਭਜਨ-ਪੂਜਨ ਵਿਚ ਬਰਬਾਦ ਕਰਦਾ ਹੈ। ਪਰ ਹੁਣ ਉਸ ਦਾ ਗੁਣਗਾਣ ਕਰਦੀ ਥਕਦੀ ਨਹੀਂ ਸੀ।

ਇਧਰ ਸੁਖ-ਸਹੂਲਤਾਂ ਵਿੱਚ ਰਹਿ ਕੇ ਪਰਸਾ ਦਾ ਮਨ ਭਗਤੀ ਤੋਂ ਬੇਮੁਖ-ਜਿਹਾ ਹੋਣ ਲੱਗਾ। ਪਹਿਲਾਂ ਉਹ ਚਾਰ-ਚਾਰ ਘੰਟੇ ਮੰਦਿਰ ਵਿੱਚ ਗੁਜਾਰਦਾ ਸੀ। ਹੁਣ ਉਹ ਘੰਟੇ-ਅੱਧੇ ਘੰਟੇ ਵਿੱਚ ਹੀ ਰਖਮਾ ਦੇਵੀ ਦੀ ਪੂਜਾ ਪੂਰੀ ਕਰਕੇ ਘਰ ਭੱਜ ਜਾਂਦਾ ਸੀ।

ਇਕ ਦਿਨ ਦੀ ਗੱਲ। ਪਤਨੀ ਪਾਣੀ ਭਰਨ ਚੰਦਰਭਾਗਾ ਨਦੀ ਤੇ ਗਈ। ਉਥੇ ਉਹਨੂੰ ਨਾਮਦੇਵ ਦੀ ਪਤਨੀ ਰਾਜਾਈ ਮਿਲ ਗਈ। ਰਾਜਾਈ ਦਾ ਮੂੰਹ ਲਟਕਿਆ ਹੋਇਆ ਸੀ। ਕੁਝ ਬੁੜਬੁੜਾਉਂਦੀ ਹੋਈ ਉਹ ਪਾਣੀ ਭਰ ਰਹੀ ਸੀ। ਉਸ ਨੇ ਉਸ ਦੇ ਕੋਲ ਜਾ ਕੇ ਪੁੱਛਿਆ – ਕਿਉਂ ਭੈਣ, ਖੈਰੀਅਤ ਤਾਂ ਹੈ?

– ਖੈਰੀਅਤ ਅਤੇ ਇਹਨਾਂ ਵਰਗੇ ਭਗਤ ਦੇ ਘਰ? ਭੈਣ ਅੱਠੋ ਪਹਿਰ ਵਿਠੁਲ-ਵਿਠੁਲ ਦੀ ਰਟ ਲਗਾਈ ਰੱਖਦੇ ਹਨ। ਘਰ ਦੀ ਤਾਂ ਰੱਤੀ ਭਰ ਵੀ ਚਿੰਤਾ ਨਹੀਂ। ਰਾਤ-ਦਿਨ ਕਪੜੇ ਸੀਂਦੀ ਹਾਂ, ਤਦ ਕਿਤੇ ਖਾਣ ਦਾ ਜੁਗਾੜ ਹੁੰਦਾ ਹੈ। ਕਦੇ ਕੰਮ ਨਹੀਂ ਮਿਲਦਾ ਤਾਂ ਫਾਕੇ ਦੀ ਨੌਬਤ ਆ ਜਾਂਦੀ ਹੈ। ਛੱਡੋ ਇਹ ਰਾਮ ਕਹਾਣੀ, ਕੁਝ ਆਪਣੀ ਸੁਣਾਉ।

ਉਸ ਨੇ ਖੁਸ਼ੀ ਨਾਲ ਚਹਿਕਦੇ ਹੋਏ ਕਿਹਾ – ਸਾਨੂੰ ਕੋਈ ਦੁਖ-ਤਕਲੀਫ ਨਹੀਂ। ਰਖਮਾ ਦੇਵੀ ਨੇ ਇਹਨਾਂ ਨੂੰ ਪਾਰਸ ਪੱਥਰ ਦੇ ਦਿੱਤਾ। ਹਾਂ ਭੈਣ, ਅਗਰ ਚਾਹੋ ਤਾਂ ਤੂੰ ਵੀ ਲੈ ਜਾ। ਉਸ ਨਾਲ ਲੋਹੇ ਨੂੰ ਸੋਨਾ ਬਣਾ ਕੇ ਵਾਪਸ ਕਰ ਦੇਣਾ। ਕਿਉਂ ਮੁਸੀਬਤ ਉਠਾਉਂਦੀ ਹੋ?

ਉਸ ਤੋਂ ਪਾਰਸ ਲੈਣ ਵਿੱਚ ਰਾਜਾਈ ਨੂੰ ਥੋੜਾ ਸੰਕੋਚ ਹੋਇਆ ਲੇਕਿਨ ਉਸ ਨੇ ਸੋਚਿਆ– ਗਰੀਬੀ ਦਾ ਰੋਣਾ ਤਾਂ ਰੋਜ਼ ਦਾ ਹੈ। ਥੋੜੇ ਦਿਨ ਤਾਂ ਸੁਖ ਨਾਲ ਜੀਅ ਲਈਏ।

ਰਾਜਾਈ ਪਾਰਸ ਘਰ ਲੈ ਆਈ। ਘਰ ਦੀ ਹਰ ਲੋਹੇ ਦੀ ਚੀਜ਼ ਨਾਲ ਉਸ ਨੇ ਪਾਰਸ ਛੂਆ ਦਿੱਤਾ। ਕਾਫੀ ਸੋਨਾ ਬਣ ਗਿਆ। ਉਸ ਵਿਚੋਂ ਥੋੜਾ ਸੋਨਾ ਉਹ ਬਾਜ਼ਾਰ ਵਿੱਚ ਵੇਚ ਆਈ। ਬਾਜ਼ਾਰ ਤੋਂ ਖਾਣ ਦੀਆਂ ਬਹੁਤ ਸਾਰੀਆਂ ਚੀਜ਼ਾਂ ਲੈ ਆਈ।

ਨਾਮਦੇਵ ਘਰ ਆਏ ਤਾਂ ਉਹਨਾਂ ਨੂੰ ਘਰ ਦਾ ਰੂਪ ਬਦਲਿਆ-ਬਦਲਿਆ ਲੱਗਾ। ਰਸੋਈ ਵਿੱਚੋਂ ਮਿੱਠੇ ਚਾਵਲ ਪੱਕਣ ਦੀ ਸੁੰਗਧ ਆ ਰਹੀ ਸੀ।

– ਕੀ ਗੱਲ ਹੈ ਰਾਜਾਈ? ਘਰ ਦਾ ਕਾਇਆਕਲਪ ਹੋ ਗਿਆ? ਕੀ ਪਾਰਸ ਪੱਥਰ ਹੱਥ ਲਗ ਗਿਆ? – ਨਾਮਦੇਵ ਨੇ ਹੱਸਦੇ ਹੋਏ ਪੁੱਛਿਆ।

– ਹਾਂ ਜੀ। ਪਾਰਸ ਪੱਥਰ ਹੀ ਮਿਲਿਆ ਹੈ ਪਰ ਸਾਡੇ ਭਾਗ ਅਜਿਹੇ ਕਿਥੇ। ਉਹ ਤਾਂ ਮਿਲਿਆ ਹੈ ਪਰਸਾ ਭਗਤ ਨੂੰ, ਰਖਮਾ ਦੇਵੀ ਦੀ ਕ੍ਰਿਪਾ ਨਾਲ। ਰਾਜਾਈ ਨੇ ਠੰਡੀ ਸਾਹ ਭਰ ਕੇ ਪੂਰੀ ਗੱਲ ਦੱਸ ਦਿੱਤੀ।

– ਇਸ ਤੋਂ ਸਾਨੂੰ ਕੀ ਲੈਣਾ-ਦੇਣਾ? ਜੋ ਵਿਠੁਲ ਭਗਵਾਨ ਨੇ ਦਿੱਤਾ ਹੈ, ਉਸੇ ਵਿੱਚ ਖੁਸ਼ ਰਹਿਣਾ ਚਾਹੀਦਾ ਹੈ।

-ਖੁਸ਼ ਰਹੋ ਤੁਸੀਂ। ਵਿਠੁਲ ਨੇ ਸਾਨੂੰ ਸਿਵਾ ਦੁਖ-



ਤਕਲੀਫ ਦੇ ਹੋਰ ਦਿਤਾ ਹੀ ਕੀ ਹੈ? ਮੈਂ ਤਾਂ ਪਰਸਾ ਭਗਤ ਦਾ ਪਾਰਸ ਪੱਥਰ ਮੰਗ ਕੇ ਲਿਆਈ ਹਾਂ। ਉਸੇ ਦੇ ਪ੍ਰਭਾਵ ਨਾਲ ਸਾਡਾ ਘਰ ਵੀ ਜਗਮਗਾ ਰਿਹਾ ਹੈ। -ਰਾਜਾਈ ਨੇ ਕਿਹਾ।

– ਵੇਖਾਂ ਤਾਂ ਭਲਾ, ਪਾਰਸ ਕਿਹੋ ਜਿਹਾ ਹੁੰਦਾ ਹੈ? – ਨਾਮਦੇਵ ਨੇ ਕਿਹਾ। ਰਾਜਾਈ ਨੇ ਨਾਮਦੇਵ ਦੇ ਸਾਹਮਣੇ ਪਏ ਲੋਹੇ ਦੇ ਬਰਤਨ ਤੇ ਪਾਰਸ ਰੱਖ ਦਿਤਾ। ਬਰਤਨ ਸੋਨਾ ਬਣ ਕੇ ਚਮਚਮਾਉਣ ਲੱਗਾ।

-ਇਹ ਰਖਮਾ ਦੇਵੀ ਤਾਂ ਸਾਨੂੰ ਮਾਇਆ ਦੇ ਚੱਕਰ ਵਿੱਚ ਉਲਝਾ ਰਹੀ ਹੈ।
-ਨਾਮਦੇਵ ਬੁੜਬੁੜਾ ਉਠੇ। ਦੂਸਰੇ ਹੀ ਪਲ ਪਾਰਸ ਨੂੰ ਉਠਾ ਕੇ ਚੰਦਰਭਾਗਾ ਨਦੀ ਵਿੱਚ ਸੁੱਟ ਆਏ। ਰਾਜਾਈ ਨੇ ਇਹ ਵੇਖਿਆ ਤਾਂ ਬੜੀ ਦੁਖੀ ਹੋਈ।

ਦੂਸਰੇ ਦਿਨ ਪਰਸਾ ਦੀ ਪਤਨੀ ਆਪਣਾ ਪਾਰਸ ਲੈਣ ਆ ਗਈ। ਰਾਜਾਈ ਨੇ ਕਲੇਜੇ ਤੇ ਪੱਥਰ ਰੱਖ ਕੇ ਕਿਹਾ – ਪਾਰਸ ਤਾਂ ਭਗਤ ਜੀ ਚੰਦਰਭਾਗਾ ਵਿੱਚ ਸੁੱਟ ਆਏ।

ਇਹ ਸੁਣਨਾ ਸੀ, ਪਰਸਾ ਦੀ ਪਤਨੀ ਨੇ ਰੋਣਾ ਸ਼ੁਰੂ ਕਰ ਦਿਤਾ। ਨਾਮਦੇਵ ਦੇ ਘਰ ਵਿੱਚ ਕੋਹਰਾਮ ਮਚ ਗਿਆ। ਪਰਸਾ ਭਗਤ ਨੂੰ ਇਹ ਖਬਰ ਮਿਲੀ ਤਾਂ ਉਹ ਗੁੱਸੇ ਵਿੱਚ ਬੌਖਲਾ ਕੇ ਊਲ-ਜਲੂਲ  ਬਕਣ ਲੱਗਾ। ਨਾਮਦੇਵ ਨੂੰ ਗਲੀ-ਗਲੀ ਲੱਭਣ ਲਗਾ। ਨਾਮਦੇਵ ਉਹਨੂੰ ਚੰਦਰਭਾਗਾ ਦੇ ਕਿਨਾਰੇ ਰੇਤ ਵਿਚ ਬੈਠੇ ਭਜਨ ਕਰਦੇ ਮਿਲੇ।

ਨਾਮਦੇਵ ਨੂੰ ਵੇਖ ਕੇ ਪਰਸਾ ਕ੍ਰੋਧ ਨਾਲ ਬੋਲਿਆ – ਵੱਡਾ ਭਗਤ ਬਣਦਾ ਹੈ। ਦੂਸਰੇ ਦੀ ਚੀਜ਼ ਹੜੱਪ ਕੇ ਹੁਣ ਮੰਜੀਰਾ ਵਜਾ ਰਿਹਾ ਹੈ। ਜਿਹੋ ਜਿਹਾ ਭਗਤ, ਉਹੋ ਜਿਹਾ ਭਗਵਾਨ। ਆਪਣੇ ਭਗਤ ਤੋਂ ਚੋਰੀ ਕਰਵਾ ਕੇ, ਚੁਪਚਾਪ ਤਮਾਸ਼ਾ ਵੇਖ ਰਿਹਾ ਹੈ।

ਨਾਮਦੇਵ ਨੇ ਪਰਸਾ ਨੂੰ ਸ਼ਾਂਤ ਕਰਦੇ ਹੋਏ ਕਿਹਾ-ਭਗਵਾਨ ਨੂੰ ਕਿਉਂ ਗਾਲ ਦਿੰਦੇ ਹੋ? ਮੈਂ ਹੀ ਉਹਨੂੰ ਪਾਣੀ ਵਿੱਚ ਸੁੱਟਿਆ ਹੈ? ਸਾਨੂੰ ਮਾਇਆ ਵਿੱਚ ਉਲਝਾ ਰਿਹਾ ਸੀ।

-ਕੁਝ ਵੀ ਹੋਵੇ, ਮੈਨੂੰ ਆਪਣਾ ਪਾਰਸ ਵਾਪਸ ਚਾਹੀਦਾ ਹੈ। ਪਰਸਾ ਨੇ ਕਿਹਾ।

-ਚੰਗਾ! ਹੁਣੇ ਦੇਂਦਾ ਹਾਂ। – ਕਹਿ ਕੇ ਨਾਮਦੇਵ ਨੇ ਪਾਣੀ ਵਿੱਚ ਡੁਬਕੀ ਲਗਾਈ। ਪਾਣੀ ਵਿਚੋਂ ਮੁੱਠੀ ਭਰ, ਘਸੇ ਹੋਏ ਪੱਥਰ ਕੱਢ ਕੇ ਉਹਨਾਂ ਨੇ ਕਿਹਾ ਪਹਿਚਾਣ ਸਕਦੇ ਹੋ, ਇਹਨਾਂ ਵਿਚੋਂ ਕਿਹੜਾ ਤੇਰਾ ਪੱਥਰ ਹੈ?

– ਇਹਦੇ ਵਿੱਚ ਕੀ ਔਖਾ ਹੈ। ਹੁਣੇ ਪਤਾ ਲਗ ਜਾਂਦਾ ਹੈ। – ਕਹਿ ਕੇ ਪਰਸਾ ਨੇ ਜੇਬ ਵਿਚੋਂ ਲੋਹੇ ਦਾ ਚਾਕੂ ਕੱਢ ਲਿਆ। ਉਹਨਾਂ ਵਿਚੋਂ ਇਕ ਪੱਥਰ ਉਠਾਇਆ। ਚਾਕੂ ਦੀ ਧਾਰ ਤੇ ਰਗੜਿਆ ਤਾਂ ਸੋਨਾ ਬਣ ਗਿਆ।

– ਬਾਕੀ ਪੱਥਰਾਂ ਦੀ ਵੀ ਤਾਂ ਪ੍ਰੀਖਿਆ ਕਰੋ ਮਹਾਰਾਜ।
– ਨਾਮਦੇਵ ਨੇ ਮੁਸਕਰਾ ਕੇ ਕਿਹਾ।

ਪਰਸਾ ਨੇ ਇਕ-ਇਕ ਪੱਥਰ ਦਾ ਨਿਰੀਖਣ ਕੀਤਾ। ਉਹਨੂੰ ਇਹ ਵੇਖ ਕੇ ਬਹੁਤ ਹੈਰਾਨੀ ਹੋਈ, ਨਾਮਦੇਵ ਦੀ ਮੁੱਠੀ ਵਿੱਚ ਭਰੇ ਸਾਰੇ ਪੱਥਰ ਹੀ ਪਾਰਸ ਸਨ।

ਉਹ ਸ਼ਰਮ ਨਾਲ ਬੋਲਿਆ- ਮਹਾਰਾਜ, ਮੈਨੂੰ ਮਾਫ ਕਰ ਦਿਉ। ਮੈਂ ਅੱਜ ਤਕ ਆਪ ਨੂੰ ਪਹਿਚਾਣਿਆ ਨਹੀਂ। ਜਿਸ ਵਿਠੂਲ ਭਗਵਾਨ ਦਾ ਭਗਤ ਅਜਿਹਾ ਹੈ, ਉਸ ਭਗਵਾਨ ਦੀ ਮਾਇਆ ਦਾ ਕੀ ਵਰਨਣ ਕੀਤਾ ਜਾਏ? ਮੈਂ ਧਨ ਦੇ ਮੋਹ ਵਿੱਚ ਭਟਕ ਗਿਆ ਸੀ। ਮੈਨੂੰ ਭਗਤੀ ਦਾ ਵਰਦਾਨ ਦਿਉ।

ਨਾਮਦੇਵ ਜੀ ਨੇ ਪਰਸਾ ਨੂੰ ਗਲੇ ਲਗਾ ਕੇ ਕਿਹਾ – ਭਗਤੀ ਚਾਹੇ ਵਿਠੂਲ ਦੀ ਕਰੋ, ਚਾਹੇ ਰਖਮਾ ਦੇਵੀ ਦੀ। ਕਰੋ ਸੁਖ ਦੀ ਕਾਮਨਾ ਤਿਆਗ ਕੇ। ਸੱਚੇ ਮਨ ਨਾਲ ਪ੍ਰਭੂ ਨੂੰ ਯਾਦ ਕਰੋਗੇ ਤਾਂ ਉਹ ਜ਼ਰੂਰ ਆਉਣਗੇ। ਫਿਰ ਕੋਈ ਦੁੱਖ ਨਹੀਂ ਰਹੇਗਾ।



❒ ਜੈਇੰਦਰ

# ਸੂਰਜ ਦੀ ਬੇਟੀ ਕਪਾਹ

ਕਪਾਹ ਤੋਂ ਸੂਤ ਅਤੇ ਧਾਗੇ ਬਣਦੇ ਹਨ। ਇਹਨਾਂ ਦੀ ਬਦੌਲਤ ਵੱਡੇ-ਵੱਡੇ ਕਾਰਖਾਨਿਆਂ ਵਿੱਚ ਕਪੜੇ ਤਿਆਰ ਕੀਤੇ ਜਾਂਦੇ ਹਨ। ਕਪਾਹ ਤੋਂ ਬਣੇ ਸੂਤੀ ਵਸਤਰ ਸਰੀਰ ਲਈ ਵੀ ਫਾਇਦੇਮੰਦ ਹਨ। ਖਾਸ ਕਰਕੇ ਗਰਮੀਆਂ ਵਿੱਚ ਤਾਂ ਸੂਤੀ ਵਸਤਰਾਂ ਦੀ ਬੜੀ ਮਹਿਮਾਂ ਹੈ।

ਪ੍ਰਾਚੀਨ ਕਾਲ ਵਿੱਚ ਕਪਾਹ ਦੇ ਪੌਦਿਆਂ ਨੂੰ ਲੋਕ 'ਸੂਰਜ ਦੀ ਬੇਟੀ ਕਹਿੰਦੇ ਸਨ। ਇਸ ਦਾ ਕਾਰਨ ਇਹ ਸੀ ਕਿ ਕੇਵਲ ਰੂੰ ਦਾ ਪੌਦਾ ਹੀ ਸੂਰਜ ਦੀਆਂ ਸ਼ਕਤੀਸ਼ਾਲੀ ਕਿਰਣਾ ਦੁਆਰਾ ਵਧਦਾ ਅਤੇ ਫੁਲਦਾ ਹੈ। ਆਓ ਜਾਣੀਏ ਕਿ ਕਪਾਹ ਦੇ ਪੌਦੇ ਨੂੰ ਸੂਰਜ ਦੀ ਬੇਟੀ ਕਿਉਂ ਕਿਹਾ ਜਾਂਦਾ ਹੈ?

ਦਰਅਸਲ ਕਪਾਹ ਦੇ ਪੌਦੇ ਨੂੰ ਸ਼ੁਰੂ-ਸ਼ੁਰੂ ਵਿੱਚ ਪਾਣੀ ਦੀ ਬਹੁਤ ਲੋੜ ਹੁੰਦੀ ਹੈ। ਇਹ ਲੋੜ ਪੌਦੇ ਵਿੱਚ ਫਲ ਆਉਣ ਤਕ ਬਣੀ ਰਹਿੰਦੀ ਹੈ, ਲੇਕਿਨ ਫਲ ਦੇ ਫਟਦੇ ਹੀ ਪੌਦੇ ਨੂੰ ਤੇਜ਼ ਧੁੱਪ ਦੀ ਲੋੜ ਹੁੰਦੀ ਹੈ। ਅਗਰ ਫਲ ਦੇ ਫਟਣ ਬਾਦ ਬਾਰਿਸ਼ ਹੋ ਜਾਏ ਤਾਂ ਕਪਾਹ ਦੇ ਫੁੱਲ ਪੂਰੀ ਤਰ੍ਹਾਂ ਨਸ਼ਟ ਹੋ ਜਾਂਦੇ ਹਨ ਜਦ ਕਿ ਸੂਰਜ ਦੀ ਗਰਮੀ ਰੂੰ ਦੇ ਰੇਸ਼ੇ ਨੂੰ ਜ਼ਿਆਦਾ ਸਫੈਦ ਅਤੇ ਮਜ਼ਬੂਤ ਬਣਾਉਂਦੀ ਹੈ। ਇਸੇ ਕਾਰਣ ਕਪਾਹ ਨੂੰ ਸੂਰਜ ਦੀ ਬੇਟੀ ਕਿਹਾ ਜਾਂਦਾ ਹੈ। ਐਨਾ ਹੀ ਨਹੀਂ ਕਪਾਹ ਦੀ ਖੇਤੀ 37 ਅੰਸ਼ ਉੱਤਰ ਅਤੇ 37 ਅੰਸ਼ ਦੱਖਣ ਦੇ ਵਿਚਕਾਰ ਸਥਿਤ ਪ੍ਰਿਥਵੀ ਦੇ ਹਿੱਸਿਆਂ ਵਿੱਚ ਵੀ ਇਸ ਲਈ ਕੀਤੀ ਜਾਂਦੀ ਹੈ। ਪੂਰੀ ਦੁਨੀਆਂ ਵਿੱਚ ਇਸ ਪੱਟੀ ਦੇ ਤਹਿਤ ਲਗਭਗ 7200 ਕਿਲੋਮੀਟਰ ਦੀ ਅਜਿਹੀ ਚੌੜਾਈ ਹੈ, ਜਿਸ ਵਿੱਚ ਕਪਾਹ ਉਗਾਉਣ ਲਈ ਲੋੜੀਂਦੇ ਹਾਲਾਤ ਮੌਜੂਦ ਹਨ। ਇਸ ਪੱਟੀ ਵਿੱਚ ਚੰਗੀ ਬਾਰਿਸ਼ ਹੋਣ ਦੇ ਨਾਲ ਹੀ ਚੰਗੀ ਗਰਮੀ ਅਤੇ ਚੰਗਾ ਪ੍ਰਕਾਸ਼ ਵੀ ਹੁੰਦਾ ਹੈ।

ਮਹਾਤਮਾ ਗਾਂਧੀ ਨੇ ਸੂਤੀ ਵਸਤਰਾਂ ਨੂੰ ਹੀ ਪਹਿਲ ਦਿੱਤੀ ਸੀ। ਗਾਂਧੀ ਜੀ ਖੁਦ ਹਰ ਰੋਜ਼ ਦੋ ਘੰਟੇ ਚਰਖੇ ਤੇ ਬੈਠ ਕੇ ਸੂਤ ਕੱਤਿਆ ਕਰਦੇ ਸਨ। ਸਾਡੇ ਦੇਸ਼ ਦਾ ਰਾਸ਼ਟਰੀ ਝੰਡਾ 'ਤਿਰੰਗਾ' ਵੀ ਸੂਤੀ ਕਪੜੇ ਅਰਥਾਤ 'ਖਾਦੀ' ਦਾ ਬਣਿਆ ਹੋਇਆ ਹੈ। ਰਾਸ਼ਟਰਪਤੀ ਭਵਨ ਅਤੇ ਲਾਲ ਕਿਲੇ ਤੇ ਹਰ ਸਾਲ 15 ਅਗਸਤ ਅਤੇ 26 ਜਨਵਰੀ ਨੂੰ ਖਾਦੀ ਨਾਲ ਬਣੇ ਝੰਡੇ ਹੀ ਫਹਿਰਾਏ ਜਾਂਦੇ ਹਨ।

ਸੂਤੀ ਵਸਤਰ ਗਰਮੀ ਵਿੱਚ ਸਰੀਰ ਨੂੰ ਠੰਡਕ ਪ੍ਰਦਾਨ ਕਰਦੇ ਹਨ ਅਤੇ ਬਰਸਾਤ ਵਿੱਚ ਵੀ ਉਪਯੋਗੀ ਹਨ ਕਿਉਂਕਿ ਬਰਸਾਤ ਦੇ ਦਿਨਾਂ ਵਿੱਚ ਹਵਾ ਵਿੱਚ ਨਮੀ ਰਹਿੰਦੀ ਹੈ ਅਤੇ ਵਾਤਾਵਰਣ ਵਿੱਚ ਉਮਸ ਵੀ ਰਹਿੰਦੀ ਹੈ, ਜਿਸ ਨਾਲ ਪਸੀਨਾ ਜ਼ਿਆਦਾ ਆਉਂਦਾ ਹੈ। ਸੂਤੀ ਕਪੜੇ ਪਸੀਨਾ ਸੋਖ ਕੇ ਉਹਨੂੰ ਛੇਤੀ ਹੀ ਉਡਾ ਦਿੰਦੇ ਹਨ। ਇਸ ਨਾਲ ਚਮੜੀ ਦੇ ਰੋਗ ਨਹੀਂ ਲੱਗਦੇ। ■



# ਵਿਗਿਆਨ ਪ੍ਰਸ਼ਨੋਤਰੀ

❑ ਘਮੰਡੀਲਾਲ ਅਗਰਵਾਲ

**ਪ੍ਰਸ਼ਨ :** ਡਰ ਕਿਉਂ ਲੱਗਦਾ ਹੈ?

**ਉੱਤਰ :** ਜਦ ਵੀ ਤੁਸੀਂ ਟੀਵੀ ਜਾਂ ਹੋਰ ਕਿਸੇ ਸਥਾਨ ਤੇ ਕੋਈ ਭਿਆਨਕ ਦ੍ਰਿਸ਼ ਵੇਖਦੇ ਹੋ, ਤਾਂ ਤੁਹਾਨੂੰ ਅਕਸਰ ਡਰ ਲੱਗਣ ਲੱਗਦਾ ਹੈ। ਪਰ, ਕਿਉਂ? ਦਰਅਸਲ, ਤੁਹਾਡੇ ਸਰੀਰ ਵਿੱਚ ਦਿਮਾਗ ਦੀਆਂ ਅਨੁਕੰਪੀ ਤੰਤਕ੍ਰਿਆਵਾਂ ਨਿਊਰੋ ਹਾਰਮੋਨ ਏਡਰੀਨਲਿਨ ਅਤੇ ਨਾਰ ਏਡਰੀਨਲਿਨ ਦਾ ਰਸਾਵ ਕਰਦੀਆਂ ਹਨ, ਜਿਸ ਨਾਲ ਡਰ ਪੈਦਾ ਕਰਨ ਵਾਲੇ ਕੁਝ ਲੱਛਣ ਪ੍ਰਗਟ ਹੋਣ ਲੱਗਦੇ ਹਨ। ਇਹ ਲੱਛਣ ਹਨ- ਕੰਬਣਾ, ਲੂੰ-ਕੰਡੇ ਖੜੇ ਹੋਣਾ, ਪਸੀਨਾ ਆਉਣਾ, ਜੀਭ ਸੁਕਣਾ, ਅੱਖਾਂ ਚੌੜੀਆਂ ਹੋਣਾ ਆਦਿ। ਇਹੀ ਕਾਰਣ ਹੈ ਕਿ ਭਿਆਨਕ ਵਸਤੂ ਜਾਂ ਦ੍ਰਿਸ਼ ਵੇਖਣ ਤੇ ਤੁਸੀਂ ਡਰ ਜਾਂਦੇ ਹੋ।

**ਪ੍ਰਸ਼ਨ :** ਪਾਣੀ ਨੂੰ ਰੱਖਣ ਲਈ ਮਿੱਟੀ ਦੇ ਬਰਤਨ ਕਿਉਂ ਚੰਗੇ ਮੰਨੇ ਜਾਂਦੇ ਹਨ?

**ਉੱਤਰ :** ਪਾਣੀ ਨੂੰ ਮਿੱਟੀ ਦੇ ਬਰਤਨਾਂ ਵਿੱਚ ਇੱਕਠਾ ਕਰਨਾ ਇਕ ਪੁਰਾਣੀ ਵਿੱਧੀ ਹੈ, ਕਿਉਂਕਿ ਮਿੱਟੀ ਦੇ ਬਰਤਨਾਂ ਵਿੱਚ ਜੀਵਾਣੂ ਘੱਟ ਹੁੰਦੇ ਹਨ। ਅਗਰ ਬਰਤਨਾਂ ਵਿੱਚ ਕਪੂਰ ਜਾਂ ਤੁਲਸੀ ਦੀਆਂ ਪੱਤੀਆਂ ਪਾ ਦਿੱਤੀਆਂ ਜਾਣ ਤਾਂ ਇਸ ਵਿੱਚ ਯੁਜੀਮੋਲ ਅਤੇ ਆਕਸੀਜਨ ਮੋਨਾਟਰਪਿੰਸ ਦੇ ਕਾਰਣ ਸੁਖਸ਼ਮ ਜੀਵਾਂ ਦੀ ਗਿਣਤੀ ਬਹੁਤ ਘੱਟ ਹੋ ਜਾਂਦੀ ਹੈ।

**ਪ੍ਰਸ਼ਨ :** ਭੋਜਨ ਖਾਣ ਲਈ ਚਿਕਨਾਈ ਭਰਪੂਰ ਬਰਤਨਾਂ ਦਾ ਇਸਤੇਮਾਲ ਕਿਉਂ ਨਹੀਂ ਕਰਨਾ ਚਾਹੀਦਾ?

**ਉੱਤਰ :** ਭੋਜਨ ਚੰਗੀ ਸਿਹਤ ਦਾ ਨਿਰਮਾਣ ਕਰਦਾ ਹੈ। ਸ਼ੁਧ ਅਤੇ ਪੋਸ਼ਟਿਕ ਭੋਜਨ ਨਾਲ ਹੀ ਸਰੀਰ ਦਾ ਠੀਕ ਤਰ੍ਹਾਂ ਵਾਧਾ ਹੁੰਦਾ ਹੈ ਅਤੇ ਸਰੀਰ ਰੋਗਮੁਕਤ ਵੀ ਰਹਿੰਦਾ ਹੈ। ਅਜਿਹੇ ਬਰਤਨ ਜਿਸ ਵਿੱਚ ਚਿਕਨਾਈ ਹੋਵੇ ਅਤੇ ਮਿੱਟੀ ਜੰਮੀ ਹੋਵੇ, ਉਹਨਾਂ ਦਾ ਇਸਤੇਮਾਲ ਕਰਨਾ ਘਾਤਕ ਹੁੰਦਾ ਹੈ। ਇਹਨਾਂ ਬਰਤਨਾਂ ਵਿੱਚ ਸੁਖਸ਼ਮ ਜੀਵ ਚਿਪਕੇ ਰਹਿੰਦੇ ਹਨ। ਇਹ ਸੁਖਸ਼ਮਜੀਵ ਬਹੁਤ ਹੀ ਹਾਨੀਕਾਰਕ ਹੁੰਦੇ ਹਨ ਅਤੇ ਸਰੀਰ ਵਿੱਚ ਦਸਤ, ਡਾਇਰਿਆ ਅਤੇ ਮਿਆਦੀ ਬੁਖਾਰ ਵਰਗੇ ਕੁਝ ਰੋਗ ਪੈਦਾ ਕਰ ਸਕਦੇ ਹਨ। ਚਿਕਨਾਈ ਅਤੇ ਮਿੱਟੀ ਵਾਲੇ ਬਰਤਨਾਂ ਵਿੱਚ ਭੋਜਨ ਨਹੀਂ ਕਰਨਾ ਚਾਹੀਦਾ।

**ਪ੍ਰਸ਼ਨ :** ਕੁਝ ਦਿਨ ਤੋਂ ਬਾਅਦ ਰਸੋਈ ਗੈਸ ਦਾ ਸਿਲੰਡਰ ਹਲਕਾ ਕਿਉਂ ਪ੍ਰਤੀਤ ਹੁੰਦਾ ਹੈ?

**ਉੱਤਰ :** ਅੱਜ-ਕੱਲ ਘਰਾਂ ਵਿਚ ਭੋਜਨ ਪਕਾਉਣ ਲਈ ਦ੍ਰਵਿਤ ਪੈਟ੍ਰੋਲਿਅਮ ਗੈਸ ਦਾ ਪ੍ਰਯੋਗ ਕੀਤਾ ਜਾਂਦਾ ਹੈ ਜੋ ਸਿਲੰਡਰਾਂ ਵਿਚ ਭਰ ਕੇ ਘਰਾਂ ਵਿਚ ਪਹੁੰਚਾਈ ਜਾਂਦੀ ਹੈ। ਦਰਅਸਲ ਭੋਜਨ ਬਨਾਉਣ ਦੇ ਉਦੇਸ਼ ਨਾਲ ਰਸੋਈਘਰਾਂ ਵਿਚ ਪ੍ਰਯੋਗ ਕੀਤੀ ਜਾਣ ਵਾਲੀ ਇਸ ਗੈਸ ਵਿਚ ਪ੍ਰੋਪੇਨ, ਏਥੇਨ, ਬਯੂਟੇਨ ਅਤੇ ਆਈਸੋਬਯੂਟੇਨ ਨਾਂ ਦੀਆਂ ਗੈਸਾਂ ਦਾ ਮਿਸ਼ਰਣ ਹੁੰਦਾ ਹੈ। ਜਿਵੇਂ-ਜਿਵੇਂ ਗੈਸ ਖਰਚ ਹੁੰਦੀ ਜਾਂਦੀ ਹੈ ਤਿਵੇਂ-ਤਿਵੇਂ ਹੀ ਸਿਲੰਡਰ ਦਾ ਭਾਰ ਘੱਟ ਹੋ ਜਾਂਦਾ ਹੈ ਜਿਸ ਨਾਲ ਸਿਲੰਡਰ ਹਲਕਾ ਪ੍ਰਤੀਤ ਹੁੰਦਾ ਹੈ। ❑

▢ ਰਣਜੀਤ ਆਜ਼ਾਦ



# ਦੂਰ ਕਰੋ ਪ੍ਰਦੂਸ਼ਣ

ਰਲ ਮਿਲ ਸੋਚ ਵਿਚਾਰ ਕਰੋ।
ਜੀਵਨ ਦਾ ਆਧਾਰ ਕਰੋ।

ਗਾਜਰ ਬੂਟੀ ਫੈਲੀ ਸਾਰੇ।
ਸਾਹ ਦਮੇ ਨੂੰ ਹਾਕਾਂ ਮਾਰੇ।
ਇਹਦੀ ਗੰਧ ਬੜੀ ਹਤਿਆਰੀ।
ਬੱਚਿਆਂ ਲਈ ਹੈ ਇਹ ਬੀਮਾਰੀ,

ਐਸੀ ਲਹਿਰ ਚਲਾਓ ਸਾਰੇ।
ਜੜ੍ਹੋਂ ਪੁੱਟ ਕੇ ਜਾਨੋਂ ਮਾਰੋ ।
ਹੋ ਸਕੇ ਤਾਂ ਉਥੇ ਰੁੱਖ ਲਾਉ।
ਸ਼ੁਧ ਵਾਤਾਵਰਣ ਬਣਾਉ।

ਪ੍ਰੈਸ਼ਰ-ਹਾਰਨ ਘੱਟ ਵਜਾਉ।
ਆਵਾਜ਼-ਪ੍ਰਦੂਸ਼ਣ ਹੋਰ ਘਟਾਉ।
ਦਿਮਾਗੀ ਸੰਤੁਲਨ ਵਿਗੜ ਜਾਵੇ।
ਕੋਈ ਕਿਸੇ ਨੂੰ ਸੁਣ ਨਾ ਪਾਵੇ।

ਗੰਦੀ-ਮੰਦੀ ਚੀਜ਼ ਨਾ ਸੁੱਟੋ।
ਡਸਟਬਿੰਨ ਵਿਚ ਪਾ ਕੇ ਰੱਖੋ।
ਸਾਫ਼ ਸੁਥਰਾ ਰੱਖੋ ਭਾਈ।
ਆਨੰਦ ਨਿਆਰਾ ਚੱਖੋ ਭਾਈ।

ਪਾਣੀ'ਚ ਪ੍ਰਦੂਸ਼ਣ ਜ਼ਿਆਦਾ।
ਕਿੰਝ ਕਹੋਗੇ ਪਿਆਸ ਬੁਝਾ ਜਾ ?
ਖਾਣ-ਪੀਣ ਵਿਚ ਸੋਝੀ ਵਰਤੋ।
ਕੱਚੀਆਂ ਵਸਤਾਂ ਜ਼ਿਆਦਾ ਵਰਤੋ।

ਰਲ ਮਿਲ ਸਾਰੇ ਦਿਹੁੰ ਗੁਜ਼ਾਰੋ।
ਨਫ਼ਰਤ ਨੂੰ ਸਦਾ ਮਨੋਂ ਵਿਸਾਰੋ।
'ਆਜ਼ਾਦ' ਤੁਹਾਨੂੰ ਵਾਜਾਂ ਮਾਰੇ।
ਦੂਰ ਕਰੋ ਪ੍ਰਦੂਸ਼ਣ ਪਿਆਰੇ ।।



ਬਾਲ ਕਹਾਣੀ : ਹਰਿੰਦਰ ਸਿੰਘ ਗੋਗਨਾ

# ਤੇਨਾਲੀਰਾਮ ਦੀ ਸੂਝਬੂਝ

ਇਕ ਵਾਰ ਦੋ ਆਦਮੀ ਰਾਜਾ ਕ੍ਰਿਸ਼ਨਦੇਵ ਰਾਏ ਦੇ ਦਰਬਾਰ ਵਿੱਚ ਹਾਜ਼ਿਰ ਕੀਤੇ ਗਏ। ਇਕ ਦਾ ਨਾਮ ਭੋਲਾ ਅਤੇ ਦੂਸਰੇ ਦਾ ਨਾਮ ਘਣਸ਼ਾਮ ਸੀ।

ਭੋਲਾ ਹੱਥ ਜੋੜ ਕੇ ਬੋਲਿਆ - ਮਹਾਰਾਜ, ਇਹ ਮੇਰਾ ਮਿੱਤਰ ਘਣਸ਼ਾਮ ਹੈ। ਕੁਝ ਮਹੀਨੇ ਪਹਿਲਾਂ ਮੈਂ ਤੀਰਥ ਯਾਤਰਾ ਤੇ ਜਾਣਾ ਸੀ ਤਾਂ ਮੈਂ ਆਪਣੀਆਂ ਦਸ ਸੋਨੇ ਦੀਆਂ ਮੋਹਰਾਂ ਇਸ ਦੇ ਕੋਲ ਅਮਾਨਤ ਵਜੋਂ ਰੱਖੀਆਂ ਸਨ। ਅੱਜ ਜਦ ਵਾਪਸ ਆ ਕੇ ਮੈਂ ਆਪਣੀਆਂ ਮੋਹਰਾਂ ਮੰਗੀਆਂ ਤਾਂ ਇਹ ਵਾਪਿਸ ਦੇਣ ਤੋਂ ਸਾਫ ਮੁਕਰ ਗਿਆ, ਹੁਣ ਆਪ ਹੀ ਨਿਆਂ ਕਰੋ।

ਰਾਜਾ ਨੇ ਘਣਸ਼ਾਮ ਤੋਂ ਪੁੱਛਿਆ ਤਾਂ ਉਹ ਮੁਕਰ ਗਿਆ।

ਰਾਜਾ ਸੋਚ ਵਿੱਚ ਪੈ ਗਿਆ ਕਿ ਦੋਵਾਂ ਵਿਚੋਂ ਸੱਚਾ ਕੌਣ ਹੈ ਅਤੇ ਝੂਠਾ ਕੌਣ? ਅਖੀਰ ਉਹਨਾਂ ਨੇ ਤੇਨਾਲੀਰਾਮ ਨੂੰ ਸੱਚ, ਝੂਠ ਦਾ ਨਿਰਣਾ ਕਰਨ ਲਈ ਕਿਹਾ।

ਤੇਨਾਲੀਰਾਮ ਕੁਝ ਪਲ ਸੋਚ ਕੇ ਭੋਲੇ ਨੂੰ ਬੋਲਿਆ- ਹਾਂ ਤਾਂ ਭਾਈ ਭੋਲਾ - ਜਦ ਤੂੰ ਮੋਹਰਾਂ ਘਣਸ਼ਾਮ ਨੂੰ ਦਿੱਤੀਆਂ ਤਾਂ ਉਥੇ ਕੋਈ ਤੀਸਰਾ ਵੀ ਸੀ?

ਜੀ ਹਾਂ ਇਕ ਖੂਹ ਜ਼ਰੂਰ ਉਥੇ ਸੀ ....। ਸਿਧੇ-ਸਾਦੇ ਭੋਲਾ ਨੇ ਕਿਹਾ ਤਾਂ ਸਾਰੇ ਦਰਬਾਰੀ ਹੱਸਣ ਲਗੇ। ਭਾਵ ਖੂਹ ਵੀ ਕਦੇ ਗਵਾਹੀ ਦੇ ਸਕਦਾ ਹੈ ਕੀ?



ਲੇਕਿਨ ਤੇਨਾਲੀਰਾਮ ਬੋਲਿਆ – ਅਜਿਹਾ ਕਰੋ ਭੋਲਾ, ਤੂੰ ਜਾ ਕੇ ਉਸ ਖੂਹ ਤੋਂ ਇਕ ਮਟਕਾ ਪਾਣੀ ਦਾ ਭਰ ਲਿਆ, ਹੁਣੇ ਸੱਚ-ਝੂਠ ਦਾ ਫੈਸਲਾ ਹੋ ਜਾਏਗਾ।

ਭੋਲਾ ਨੇ ਸਿਰ ਝੁਕਾਇਆ ਅਤੇ ਚਲਾ ਗਿਆ। ਸਾਰੇ ਦਰਬਾਰੀ ਅਤੇ ਰਾਜਾ ਹੈਰਾਨ ਸਨ ਕਿ ਤੇਨਾਲੀਰਾਮ ਆਖਿਰ ਕੀ ਕਰਨਾ ਚਾਹੁੰਦਾ ਹੈ? ਘਣਸ਼ਾਮ ਵੀ ਇਸੇ ਗੱਲ ਤੋਂ ਵਿਚਾਰਮਗਨ ਸੀ।

ਕੁਝ ਦੇਰ ਬਾਦ ਤੇਨਾਲੀਰਾਮ ਨੇ ਘਣਸ਼ਾਮ ਤੋਂ ਪੁੱਛਿਆ – ਕਿਉਂ ਘਣਸ਼ਾਮ! ਤੇਰਾ ਮਿੱਤਰ ਭੋਲਾ ਹੁਣ ਤਕ ਵਾਪਸ ਨਹੀਂ ਆਇਆ, ਕੀ ਕਾਰਣ ਹੋ ਸਕਦਾ ਹੈ?

– ਜੀ ਖੂਹ ਇਥੋਂ ਬਹੁਤ ਦੂਰ ਹੈ, ਇਸ ਲਈ ਦੇਰ ਲਗ ਰਹੀ ਹੋਏਗੀ...। ਘਣਸ਼ਾਮ ਦੇ ਮੂੰਹ ਤੋਂ ਅਚਾਨਕ ਨਿਕਲਿਆ।

– ਮਹਾਰਾਜ! ਫੈਸਲਾ ਹੋ ਗਿਆ। ਭੋਲਾ ਨੇ ਸਚਮੁਚ ਘਣਸ਼ਾਮ ਨੂੰ ਮੋਹਰਾਂ ਦਿੱਤੀਆਂ ਸਨ, ਭਲਾ ਇਹਨੂੰ ਕਿਵੇਂ ਪਤਾ ਕਿ ਖੂਹ ਇਥੋਂ ਬਹੁਤ ਦੂਰ ਹੈ? – ਤੇਨਾਲੀਰਾਮ ਨੇ ਕਿਹਾ।

ਘਣਸ਼ਾਮ ਨੇ ਸ਼ਰਮ ਨਾਲ ਸਿਰ ਝੁਕਾ ਲਿਆ।

ਤੇਨਾਲੀਰਾਮ ਦੀ ਸੂਝਬੂਝ ਨਾਲ ਦਰਬਾਰ ਫਿਰ ਜੈਕਾਰਿਆਂ ਦੀ ਆਵਾਜ਼ ਨਾਲ ਗੂੰਜ ਉਠਿਆ।

ਹੁਣ ਤਕ ਭੋਲਾ ਵੀ ਵਾਪਸ ਆ ਗਿਆ ਸੀ। ਘਣਸ਼ਾਮ ਨੇ ਉਸ ਤੋਂ ਮਾਫ਼ੀ ਮੰਗੀ ਅਤੇ ਮਹਾਰਾਜ ਨਾਲ ਵਾਅਦਾ ਕੀਤਾ ਕਿ ਉਹ ਅੱਜ ਹੀ ਆਪਣੇ ਮਿੱਤਰ ਦੀ ਅਮਾਨਤ ਉਹਨੂੰ ਵਾਪਸ ਦੇ ਦੇਵੇਗਾ ਅਤੇ ਭਵਿੱਖ ਫਿਰ ਕਦੇ ਕਿਸੇ ਨਾਲ ਅਜਿਹਾ ਛਲ ਨਹੀਂ ਕਰੇਗਾ। ■



ਪ੍ਰੇਰਕ – ਪ੍ਰਸੰਗ : ਰਾਧਾ ਨਾਚੀਜ਼

# ਸਭ ਤੋਂ ਮਹਾਨ ਕੌਣ?

ਇਕ ਵਾਰ ਨਾਰਦ ਦੇ ਮਨ ਵਿੱਚ ਇਹ ਜਾਨਣ ਦੀ ਇੱਛਾ ਹੋਈ ਕਿ ਸਭ ਤੋਂ ਮਹਾਨ ਕੌਣ ਹੈ? ਇਸ ਲਈ ਉਹ ਬ੍ਰਹਮਾ ਜੀ ਦੇ ਕੋਲ ਗਏ ਅਤੇ ਉਹਨਾਂ ਨੇ ਬ੍ਰਹਮਾ ਜੀ ਨੂੰ ਇਹੀ ਪ੍ਰਸ਼ਨ ਕੀਤਾ।

ਬ੍ਰਹਮਾ ਜੀ ਨੇ ਮੁਸਕਰਾਂਦੇ ਹੋਏ ਉੱਤਰ ਦਿੱਤਾ – ਨਾਰਦ! ਸਭ ਤੋਂ ਵੱਡੀ ਤਾਂ ਇਹ ਪ੍ਰਿਥਵੀ ਦਿਸਦੀ ਹੈ ਇਸ ਲਈ ਅਸੀਂ ਪ੍ਰਿਥਵੀ ਨੂੰ ਸਭ ਤੋਂ ਵੱਡੀ ਕਹਿ ਸਕਦੇ ਹਾਂ, ਮਗਰ ਸਮੁੰਦਰ ਨੇ ਉਸ ਨੂੰ ਘੇਰ ਰੱਖਿਆ ਹੈ। ਇਸ ਕਾਰਣ ਸਮੁੰਦਰ ਉਸ ਤੋਂ ਵੀ ਵੱਡਾ ਰਿਹਾ। ਪ੍ਰੰਤੂ ਇਸ ਸਮੁੰਦਰ ਨੂੰ ਵੀ ਅਗਸਤਯ ਮੁਨੀ ਨੇ ਪੀ ਲਿਆ ਸੀ, ਇਸ ਕਾਰਣ ਸਮੁੰਦਰ ਕਿਵੇਂ ਵੱਡਾ ਹੋ ਸਕਦਾ ਹੈ? ਤਦ ਤਾਂ ਅਗਸਤਯ ਮੁਨੀ ਸਭ ਤੋਂ ਵੱਡੇ ਹੋਏ। ਮਗਰ ਉਹਨਾਂ ਦਾ ਵਾਸ ਕਿਥੇ ਹੈ? ਅਨੰਤ ਆਕਾਸ਼ ਵਿੱਚ ਮਾਤਰ ਇਕ ਜੁਗਨੂੰ ਦੀ ਤਰ੍ਹਾਂ ਚਮਕ ਰਹੇ ਹਨ ਇਸ ਲਈ ਆਕਾਸ਼ ਉਹਨਾਂ ਤੋਂ ਵੀ ਵੱਡਾ ਹੋਇਆ। ਲੇਕਿਨ ਵਾਮਨਾਵਤਾਰ ਵਿੱਚ ਭਗਵਾਨ ਵਿਸ਼ਨੂੰ ਨੇ ਇਸ ਆਕਾਸ਼ ਨੂੰ ਵੀ ਇਕ ਹੀ ਪੈਰ ਨਾਲ ਨਾਪ ਲਿਆ ਸੀ, ਇਸ ਕਾਰਣ ਵਿਸ਼ਨੂੰ ਹੀ ਸਭ ਤੋਂ ਮਹਾਨ ਸਿੱਧ ਹੁੰਦੇ ਹਨ। ਫਿਰ ਵੀ ਨਾਰਦ ਵਿਸ਼ਨੂੰ ਵੀ ਸਭ ਤੋਂ ਮਹਾਨ ਨਹੀਂ ਹਨ ਕਿਉਂਕਿ ਉਹ ਤੁਹਾਡੇ ਵਰਗੇ ਭਗਤ ਦੇ ਹਿਰਦੇ ਵਿੱਚ ਸਦਾ ਬਿਰਾਜਮਾਨ ਵੇਖੇ ਜਾਂਦੇ ਹਨ। ਇਸ ਲਈ ਜਿਨ੍ਹਾਂ ਦੇ ਹਿਰਦੇ ਵਿੱਚ ਭਗਵਾਨ ਵਾਸ ਕਰਦੇ ਹਨ, ਸਭ ਤੋਂ ਮਹਾਨ ਤਾਂ ਭਗਤ ਹੀ ਹਨ। ■



ਲੇਖ : ਵਿਪਿਨ ਕੁਮਾਰ

# ਹਰੜ ਵਿੱਚ ਅਦਭੁਤ ਗੁਣ ਹਨ

ਬਿਹਾਰ ਵਿੱਚ ਕਹਾਵਤ ਪ੍ਰਚਲਿਤ ਹੈ - 'ਬਨੀਆ ਬਹੁਤ ਖੁਸ਼ ਹੂਆ ਤੋ ਉਪਹਾਰ ਮੇਂ ਅਪਨੇ ਗਾਹਕ ਕੋ ਏਕ ਹਰੜ ਦੀਯਾ।' ਕੀਮਤ ਦੀ ਦ੍ਰਿਸ਼ਟੀ ਨਾਲ ਬਣੀਏ ਦੁਆਰਾ ਦਿੱਤਾ ਗਿਆ ਇਹ ਉਪਹਾਰ ਭਲੇ ਹੀ ਆਮ ਅਤੇ ਸਸਤਾ ਹੋਵੇ ਪ੍ਰੰਤੂ ਉਪਯੋਗਤਾ ਦੀ ਦ੍ਰਿਸ਼ਟੀ ਨਾਲ ਇਹ ਅਸਧਾਰਣ ਹੈ। ਆਯੁਰਵੇਦਸ਼ਾਚਾਰੀਆਂ ਨੇ ਇਸ ਨੂੰ 'ਅਮਰਤੋਪਮ ਦਵਾਈ' ਕਿਹਾ ਹੈ। ਪੌਰਾਣਿਕ ਗ੍ਰੰਥ ਵਿੱਚ ਤਾਂ ਇਹਨੂੰ ਮਾਤਾ-ਪਿਤਾ ਦੇ ਸਮਾਨ ਹਿਤਕਾਰੀ ਦੱਸਿਆ ਗਿਆ ਹੈ।

ਹਰੜ ਦਾ ਬਨਸਪਤੀ ਨਾਮ ਹੈ - 'ਟਰਮਿਨਾਲਿਆ ਚੇਬਯੂਲਾ।' ਇਹ ਹਿਮਾਲਯ ਵਿੱਚ ਰਾਵੀ ਤੱਟ ਤੋਂ ਲੈ ਕੇ ਅਸਮ ਤਕ (ਲਗਭਗ ਪੰਜ ਹਜ਼ਾਰ ਫ਼ੁੱਟ ਦੀ ਉਚਾਈ ਵਾਲੇ ਪਰਬਤੀ ਹਿੱਸਿਆਂ ਵਿੱਚ) ਬਹੁਤ ਜ਼ਿਆਦਾ ਪਾਈ ਜਾਂਦੀ ਹੈ। ਇਸ ਦੇ ਰੁੱਖ 50-80 ਫ਼ੁੱਟ ਤਕ ਉਚੇ ਹੁੰਦੇ ਹਨ। ਇਹ ਇਕ ਫਲ ਹੈ। ਕੱਚਾ ਫਲ ਹਰਾ ਅਤੇ ਪੱਕਣ ਤੇ ਮਟਮੈਲਾ ਪੀਲਾ ਦਿਸਦਾ ਹੈ।

ਹਰੜ ਦੋ ਪ੍ਰਕਾਰ ਦੀ ਹੁੰਦੀ ਹੈ - ਵੱਡੀ ਅਤੇ ਛੋਟੀ। ਵੱਡੀ ਹਰੜ ਵਿੱਚ ਗੁਠਲੀ ਹੁੰਦੀ ਹੈ ਜਦਕਿ ਛੋਟੀ ਹਰੜ ਵਿੱਚ ਗੁਠਲੀ ਨਹੀਂ ਰਹਿੰਦੀ ਹੈ। ਬੀਜ਼ ਹੋਣ ਤੋਂ ਪਹਿਲਾਂ ਜੋ ਹਰੜ ਰੁੱਖ ਤੋਂ ਡਿਗ ਜਾਂਦੀ ਹੈ, ਉਹ ਛੋਟੀ ਹਰੜ ਕਹਾਉਂਦੀ ਹੈ। ਆਯੁਰਵੇਦਸ਼ਾਚਾਰੀਆਂ ਦੇ ਅਨੁਸਾਰ ਛੋਟੀ ਹਰੜ ਜ਼ਿਆਦਾ ਗੁਣਕਾਰੀ ਹੁੰਦੀ ਹੈ। ਬਨਸਪਤੀ ਸ਼ਾਸ਼ਤਰੀਆਂ ਦੇ ਮੱਤ ਅਨੁਸਾਰ ਹਰੜ ਦੀਆਂ ਤਿੰਨ ਕਿਸਮਾਂ ਹੁੰਦੀਆਂ ਹਨ - ਪੱਕੇ ਫਲ ਜਾਂ ਵੱਡੀ ਹਰੜ, ਅਧਪੱਕੇ ਫਲ ਜਾਂ ਪੀਲੀ ਹਰੜ ਅਤੇ ਕੱਚੇ ਫਲ ਜਾਂ ਛੋਟੀ ਹਰੜ।

ਹਰੜ ਰੰਗ ਵਿੱਚ ਭੂਰੀ, ਕਾਲੀ ਅਤੇ ਪੀਲੀ ਹੁੰਦੀ ਹੈ। ਜਲ ਵਿੱਚ ਡੁੱਬ ਜਾਣ ਵਾਲੀ ਹਰੜ ਨੂੰ ਉਤਮ ਮੰਨਿਆ ਗਿਆ ਹੈ।

ਚਰਕ ਸੰਹਿਤਾ ਵਿੱਚ ਹਰੜ ਨੂੰ ਤ੍ਰਿਦੋਸ਼ਨਾਸ਼ਕ, ਅਨੁਲੋਮਕ, ਸੰਗ੍ਰਹਣੀ, ਸ਼ੂਲ, ਅਤਿਸਾਰ (ਡਾਇਰੀਆ), ਬਵਾਸੀਰ ਅਤੇ ਗੁਲਮਨਾਸ਼ਕ, ਪਾਚਕ ਦੱਸਿਆ ਗਿਆ ਹੈ। ਇਹਨੂੰ ਬਵਾਸੀਰ ਅਤੇ ਹਰ ਤਰ੍ਹਾਂ ਦੇ ਉਦਰ ਰੋਗਾਂ ਵਿੱਚ ਲਾਭਕਾਰੀ ਦੱਸਿਆ ਗਿਆ ਹੈ।

ਆਧੁਨਿਕ ਖੋਜਾਂ ਅਤੇ ਵਿਗਿਆਨਕ ਪ੍ਰਯੋਗਾਂ ਵਿੱਚ ਵੀ ਇਹਨੂੰ ਬਹੁਤ ਉਪਯੋਗੀ ਪਾਇਆ ਗਿਆ ਹੈ। ਖੋਜਕਾਰਾਂ ਅਨੁਸਾਰ ਪੇਟ ਅਤੇ ਆਂਤ ਦੀਆਂ ਤਮਾਮ ਬੀਮਾਰੀਆਂ ਲਈ ਇਹ ਬਹੁਤ ਹੀ ਉਪਯੋਗੀ ਹੈ। ਇਸਦਾ ਮੁਖ ਰੇਚਕ ਪਦਾਰਥ ਇੰਥਰਾਕਵਿਨੋਨ ਆਪਣਾ ਪ੍ਰਭਾਵ, ਇਸਤੇਮਾਲ ਛੇ ਘੰਟੇ ਬਾਦ ਹੀ ਦਿਸਣ ਲੱਗਦਾ ਹੈ। ਪੁਰਾਣੀ ਕਬਜ਼ ਦੀ ਤਾਂ ਇਹ

ਸਰਵੋਤਮ ਦਵਾਈ ਹੈ। ਡਾ: ਏ ਪੀ ਵਰਗੇ ਪੱਛਮੀ ਮੈਡੀਕਲ ਵਿਗਿਆਨੀ ਨੇ ਇਸ ਨੂੰ ਪੇਟ ਦੀ ਹਰ ਤਰ੍ਹਾਂ ਦੀ ਬੀਮਾਰੀ ਵਿੱਚ ਲਾਭਕਾਰੀ ਦੱਸਿਆ ਹੈ। ਇਹ ਕਫ, ਪਿਤ, ਵਾਤ ਤਿੰਨਾਂ ਦਾ ਨਾਸ਼ ਕਰਦੀ ਹੈ।

ਇਕ ਵਾਰ ਵਿੱਚ ਹਰੜ ਦਾ ਤਿੰਨ ਗ੍ਰਾਮ ਚੂਰਣ ਲਿਆ ਜਾ ਸਕਦਾ ਹੈ। ਲੋੜ ਅਨੁਸਾਰ ਇਸ ਨੂੰ ਹਰ ਰੋਜ਼ ਦੋ ਜਾਂ ਤਿੰਨ ਵਾਰ ਲਿਆ ਜਾ ਸਕਦਾ ਹੈ। ਰੁੱਤ ਦੇ ਅਨੁਸਾਰ ਇਸ ਦੇ ਅਨੁਪਾਤ ਵਿੱਚ ਭਿੰਨਤਾ ਹੋ ਸਕਦੀ ਹੈ। ਬ੍ਰਹਮਵਰਚਸ ਰੀਸਰਚ ਇੰਸਿਟੀਚਿਊਟ, ਹਰਿਦੁਆਰ ਦੇ ਖੋਜਕਾਰਾਂ ਨੇ ਇਸ ਬਾਰੇ ਕੁਝ ਨਿਯਮ ਦੱਸੇ ਹਨ –

- ਕਬਜ਼ ਵਿੱਚ ਹਰੜ ਦਾ ਚੂਰਣ ਬਣਾ ਕੇ ਜਾਂ ਘਿਉ ਵਿੱਚ ਸੇਕੀ ਹੋਈ ਹਰੜ ਡੇਢ ਤੋਂ ਤਿੰਨ ਗ੍ਰਾਮ ਮਾਤਰਾ ਵਿੱਚ ਸ਼ਹਿਦ ਜਾਂ ਸੇਂਧਾ ਨਮਕ ਦੇ ਨਾਲ ਲੈਣੀ ਚਾਹੀਦੀ ਹੈ।
- ਦਸਤ ਵਿੱਚ ਹਰੜ ਨੂੰ ਉਬਾਲ ਕੇ ਜਾਂ ਭੁੰਨ ਕੇ ਉਸ ਦਾ ਇਸਤੇਮਾਲ ਕਰਨਾ ਚਾਹੀਦਾ ਹੈ।
- ਬਵਾਸੀਰ ਵਿੱਚ ਜਾਂ ਖ਼ੂਨੀ ਡਾਇਨੇਟੇਰੀ ਵਿੱਚ ਹਰੜ ਦਾ ਚੂਰਨ ਅਤੇ ਗੁੜ ਨੂੰ ਗਾਂ-ਮੂਤਰ ਵਿੱਚ ਮਿਲਾ ਕੇ ਰਾਤਭਰ ਰੱਖ ਕੇ ਸਵੇਰੇ ਪੀਣ ਨਾਲ ਲਾਭ ਹੁੰਦਾ ਹੈ। ਇਸ ਨੂੰ ਦਹੀ ਜਾਂ ਲੱਸੀ ਨਾਲ ਵੀ ਲਿਆ ਜਾ ਸਕਦਾ ਹੈ।
- ਕਿਸੇ ਸਥਾਨ ਤੇ ਸੋਜ ਹੋਣ ਤੇ ਇਸ ਨੂੰ ਪਾਣੀ ਵਿੱਚ ਪੀਹ ਕੇ ਲੇਪ ਕਰਨ ਨਾਲ ਫਾਇਦਾ ਹੁੰਦਾ ਹੈ।
- ਪੀਲੀਆ ਅਤੇ ਪੇਟ ਵਿੱਚ ਕੀੜਿਆਂ ਤੋਂ ਰਾਹਤ ਪਾਉਣ ਲਈ ਤਿੰਨ ਤੋਂ ਛੇ ਗ੍ਰਾਮ ਹਰੜ ਚੂਰਣ ਸਵੇਰੇ-ਸ਼ਾਮ ਠੰਡੇ ਪਾਣੀ ਨਾਲ ਲੈਣ ਨਾਲ ਦੋ ਹਫ਼ਤੇ ਵਿੱਚ ਹੀ ਆਰਾਮ ਮਿਲ ਜਾਂਦਾ ਹੈ।

ਹਰੜ ਸਵਾਂਸ ਰੋਗ, ਬਦਹਜ਼ਮੀ, ਬੁਖ਼ਾਰ, ਲੰਮੇ ਵਰਤ ਵਿੱਚ ਅਤੇ ਗਰਭਅਵਸਥਾ ਵਿੱਚ ਵਰਜਿਤ ਹੈ। ਇਹਨਾਂ ਹਾਲਾਤਾਂ ਨੂੰ ਛੱਡ ਕੇ ਹਰੜ ਨੂੰ ਕਦੇ ਵੀ ਖਾਧਾ ਜਾ ਸਕਦਾ ਹੈ। ਹਰ ਰੋਜ਼ ਇਕ ਹਰੜ ਸਵੇਰੇ ਚਬਾਉਣ ਵਾਲਾ ਵਿਅਕਤੀ ਛੇਤੀ ਬੁੱਢਾ ਨਹੀਂ ਹੁੰਦਾ।

ਲਘੂਕਥਾ : ਮਨਿੰਦਰ ਸਿੰਘ

# ਤਿੰਨ ਚੂਹੇ

ਤਿੰਨ ਚੂਹੇ ਸਨ। ਇਕ ਦਿਨ ਉਹਨਾਂ ਨੂੰ ਕਿਸੇ ਵੱਡੇ ਡੱਬੇ ਵਿੱਚ ਤੇਲ ਦਾ ਮੁਸ਼ਕ ਆਇਆ।

ਬਸ ਫਿਰ ਕੀ ਸੀ ਤਿੰਨੇ ਹੀ ਉਸਦੇ ਆਲੇ-ਦੁਆਲੇ ਮੰਡਰਾਉਣ ਲੱਗੇ ਪਰ ਤੇਲ ਤਾਂ ਤਲੇ ਨਾਲ ਲਗਾ ਹੋਇਆ ਸੀ। ਚੂਹਿਆਂ ਨੇ ਸੋਚਿਆ ਵਾਰੀ-ਵਾਰੀ ਨਾਲ ਇਕ-ਦੂਸਰੇ ਦੀ ਪੂਛ ਫੜ ਕੇ ਹੇਠਾਂ ਉਤਰਾਂਗੇ ਅਤੇ ਆਪਣੇ-ਆਪਣੇ ਹਿੱਸੇ ਦਾ ਤੇਲ ਪੀ ਲਵਾਂਗੇ।

ਤਿੰਨਾਂ ਨੇ ਆਪਸ ਵਿੱਚ ਵਿਸ਼ਵਾਸ਼ ਦਿਵਾਇਆ ਕਿ ਉਹ ਸਵਾਰਥੀ ਨਹੀਂ ਬਣਨਗੇ। ਸਭ ਤੋਂ ਪਹਿਲਾਂ ਤੇਲ ਪੀਣ ਵਾਲੇ ਚੂਹੇ ਨੇ ਸੋਚਿਆ ਤੇਲ ਤਾਂ ਬਹੁਤ ਘੱਟ ਹੈ ਕਿਉਂ ਨਾ ਮੈਂ ਹੀ ਸਾਰਾ ਪੀ ਲਵਾਂ।

ਵਿੱਚਕਾਰਲੇ ਚੂਹੇ ਨੇ ਸੋਚਿਆ – ਅਗਰ ਹੇਠਾਂ ਵਾਲੇ ਨੇ ਸਾਰਾ ਤੇਲ ਪੀ ਲਿਆ ਤਾਂ ਮੇਰੇ ਲਈ ਕੁਝ ਵੀ ਨਹੀਂ ਬਚੇਗਾ। ਕਿਉਂ ਨਾ ਮੈਂ ਕੁੱਦ ਕੇ ਇਸ ਪਹਿਲਾਂ ਤੇਲ ਪੀ ਲਵਾਂ। ਠੀਕ ਇਹੀ ਗੱਲ ਉਪਰ ਵਾਲੇ ਚੂਹੇ ਨੇ ਸੋਚੀ, ਅਤੇ ਫਿਰ ਦੋਵੇਂ ਇਕੋ ਵਾਰ ਕੁੱਦ ਪਏ।



ਨਤੀਜਾ ਇਹ ਹੋਇਆ ਕਿ ਤਿੰਨੋਂ ਚੂਹੇ ਉਸ ਡੱਬੇ ਵਿੱਚ ਡਿਗ ਗਏ ਅਤੇ ਫਿਰ ਕਦੇ ਨਹੀਂ ਨਿਕਲ ਸਕੇ।

ਪਿਆਰੇ ਬੱਚਿਉ! ਸਾਨੂੰ ਬਿਨਾ ਸੋਚੇ-ਸਮਝੇ ਕੋਈ ਕੰਮ ਨਹੀਂ ਕਰਨਾ ਚਾਹੀਦਾ। ਇਸ ਲਈ ਕਿਹਾ ਗਿਆ ਹੈ – ਲਾਲਚ ਬੁਰੀ ਬਲਾ ਹੈ

# ਹਾਸਾ ਖੇਡਾ

ਪੁਲਿਸ ਵਿੱਚ ਭਰਤੀ ਲਈ ਆਏ ਇਕ ਉਮੀਦਵਾਰ ਤੋਂ ਇੰਟਰਵਿਊ ਵਿੱਚ ਪੁੱਛਿਆ ਗਿਆ –

ਭੀੜ ਨੂੰ ਤਿਤਰ-ਬਿਤਰ ਕਰਨ ਲਈ ਕੀ ਕਰਨਾ ਚਾਹੀਦਾ ਹੈ?

ਉਮੀਦਵਾਰ ਬੋਲਿਆ –

ਸਰ! ਚੰਦਾ ਮੰਗਣਾ ਸ਼ੁਰੂ ਕਰ ਦੇਣਾ ਚਾਹੀਦਾ ਹੈ।

..........

ਪਪਲੂ : ਕੀ ਕੱਲ ਤੁਹਾਡੀ ਸਾਰੀ ਕਲਾਸ ਪਿਕਨਿਕ ਤੇ ਜਾ ਰਹੀ ਹੈ?

ਟਪਲੂ : ਸਾਡੀ ਕਲਾਸ ਤਾਂ ਨਹੀਂ, ਪਰ ਹਾਂ, ਬੱਚੇ ਜ਼ਰੂਰ ਪਿਕਨਿਕ ਤੇ ਜਾ ਰਹੇ ਹਨ।

..........

ਧੰਨੂ ਜੀ ਦਾ ਨੌਕਰ ਇਕਦਮ ਗੰਵਾਰ ਸੀ। ਇਕ ਦਿਨ ਧੰਨੂ ਜੀ ਨੇ ਉਸ ਨੂੰ ਸਮਝਾਇਆ –

ਤੂੰ ਸਭਿਅਤਾ ਸਿਖ। ਕਿਸੇ ਨੂੰ ਵੀ ਸੰਬੋਧਨ ਕਰਦੇ ਸਮੇਂ ਉਸ ਦੇ ਨਾਮ ਦੇ ਅਗੇ 'ਜੀ' ਲਗਾਇਆ ਕਰ।

ਥੋੜੀ ਦੇਰ ਵਿੱਚ ਨੌਕਰ ਦੌੜ ਕੇ ਧੰਨੂ ਜੀ ਦੇ ਕੋਲ ਆਇਆ –

ਸਾਹਬ ਜੀ, ਸਾਹਬ ਜੀ! ਕੁੱਤੇ ਜੀ ਨੇ ਮੁਰਗੇ ਜੀ ਨੂੰ ਫੜ ਲਿਆ ਹੈ।



..........

ਸੋਨੀਆ : ਹੁਣੇ ਇਕ ਲੜਕਾ ਪਤੰਗਬਾਜੀ ਦੇ ਚੱਕਰ ਵਿੱਚ ਛੱਤ ਤੋਂ ਡਿਗ ਪਿਆ ਅਤੇ ਦੋਹਾਂ ਪੈਰਾਂ ਤੋਂ ਹੱਥ ਧੋ ਬੈਠਾ।

ਨੀਤੂ : ਕੋਈ ਆਦਮੀ ਹੱਥਾਂ ਨਾਲ ਤਾਂ ਪੈਰ ਧੋ ਸਕਦਾ ਹੈ ਭਲਾ ਉਹ ਪੈਰਾਂ ਨਾਲ ਹੱਥ ਕਿਵੇਂ ਧੋ ਸਕਿਆ ਹੋਏਗਾ।

– ਰਾਕੇਸ਼

ਬੈਂਕ ਵਿੱਚ ਕਰਜਾ ਲੈਣ ਆਏ ਇਕ ਕਿਸਾਨ ਤੋਂ ਬੈਂਕ ਦੇ ਅਧਿਕਾਰੀ ਨੇ ਕਾਗਜਾਤ ਭਰਦੇ ਹੋਏ ਪੁੱਛਿਆ

– ਤੁਹਾਡਾ ਨਾਮ?

– ਮੁਰਾਰੀ ਲਾਲ।

ਪਿਤਾ ਦਾ ਨਾਮ?

– ਬਿਹਾਰੀ ਲਾਲ।

ਉਮਰ?

– 120 ਸਾਲ।

ਕੀ ਕਿਹਾ?

ਜੀ ਅਗਰ ਉਹ ਜੀਵਿਤ ਹੁੰਦੇ ਤਾਂ ਐਨੇ ਹੀ ਸਾਲ ਦੇ ਹੁੰਦੇ।



..........

ਤਿੰਨ ਚੂਹੇ ਇਕ ਵਾਰ ਇੱਕਠੇ ਬੈਠੇ ਗੱਲਾਂ ਕਰ ਰਹੇ ਸਨ।

ਇਕ ਬੋਲਿਆ –

ਮੈਂ ਐਨਾ ਮਜ਼ਬੂਤ ਹਾਂ ਕਿ ਇਕ ਦਿਨ ਮੈਂ ਚੂਹੇ ਮਾਰਨ ਦੀ ਦਵਾਈ ਦੀ ਪੂਰੀ ਸ਼ੀਸ਼ੀ ਹੀ ਪੀ ਗਿਆ।

ਦੂਸਰਾ ਬੋਲਿਆ –

ਮੈਂ ਐਨਾ ਮਜ਼ਬੂਤ ਹਾਂ ਕਿ ਇਕ ਦਿਨ ਮੈਂ ਪਿੰਜਰੇ ਵਿੱਚ ਬੰਦ ਹੋ ਗਿਆ ਲੇਕਿਨ ਉਹਨੂੰ ਕੱਟ ਕੇ ਬਾਹਰ ਨਿਕਲ ਆਇਆ।

ਦੂਸਰੇ ਚੂਹੇ ਦੀ ਗੱਲ ਖਤਮ ਹੀ ਹੋਈ ਸੀ ਕਿ ਤੀਸਰਾ ਚੂਹਾ ਖੜਾ ਹੋ ਗਿਆ, ਅਤੇ ਬੋਲਿਆ –

ਮੈਂ ਚਲਿਆ, ਕਿਉਂਕਿ ਤਿੰਨ ਵਜੇ ਮੈਂ ਇਕ ਬਿੱਲੇ ਨੂੰ ਕੁਸ਼ਤੀ ਲਈ ਲਲਕਾਰ ਰੱਖਿਆ ਹੈ।

– ਗੁਰਮੀਤ ਸਿੰਘ

ਜੰਗਲ ਵਿੱਚ ਇਕ ਚੂਹਾ ਬੜੀ ਤੇਜ਼ੀ ਨਾਲ ਭੱਜਿਆ ਜਾ ਰਿਹਾ ਸੀ। ਹਿਰਣ ਨੇ ਉਸ ਨੂੰ ਰੋਕਿਆ।



ਹਿਰਣ : ਭਾਈ! ਐਨੀ ਜਲਦੀ ਕਿਥੇ ਭੱਜੇ ਜਾ ਰਹੇ ਹੋ?

ਚੂਹਾ : ਕਿਸੇ ਨੇ ਹਾਥੀ ਨੂੰ ਧੱਕਾ ਦੇ ਕੇ ਡੇਗ ਦਿੱਤਾ ਪ੍ਰੰਤੂ ਸਾਰੇ ਮੇਰਾ ਨਾਮ ਲਗਾ ਰਹੇ ਹਨ।

..............

ਸੋਕਾਪੀੜਤ ਖੇਤਰ ਵਿੱਚ ਇਕ ਚੋਣ ਸਭਾ ਵਿੱਚ ਭਾਸ਼ਣ ਕਰਨ ਤੋਂ ਪਹਿਲਾਂ ਇਕ ਨੇਤਾ ਨੇ ਆਪਣੇ ਸੈਕਟਰੀ ਤੋਂ ਪੁੱਛਿਆ –

ਲੋਕਾਂ ਨੂੰ ਕੀ ਭਰੋਸਾ ਦਿੱਤਾ ਜਾਏ?

ਸੈਕਟਰੀ ਝੱਟ ਬੋਲਿਆ –

ਸਰ, ਇਸ ਇਲਾਕੇ ਵਿੱਚ ਬਹੁਤ ਸੋਕਾ ਪੈਂਦਾ ਹੈ ਆਪ ਫੌਰਨ ਬਾਰਿਸ਼ ਦਾ ਭਰੋਸਾ ਦੇ ਦਿਉ।

..............

ਅਧਿਆਪਕ : (ਵਿਦਿਆਰਥੀ ਨੂੰ) ਭਾਈਚਾਰੇ ਦਾ ਵਾਕ ਵਿੱਚ ਇਸਤੇਮਾਲ ਕਰੋ।

ਵਿਦਿਆਰਥੀ : ਮੈਂ ਦੁੱਧਵਾਲੇ ਨੂੰ ਪੁੱਛਿਆ ਕਿ ਭਾਈ ਦੁੱਧ ਐਨਾ ਮਹਿੰਗਾ ਕਿਉਂ ਵੇਚਦੇ ਹੋ।

ਤਾਂ ਉਹ ਬੋਲਿਆ –

ਭਾਈ ਚਾਰਾ ਜੋ ਮਹਿੰਗਾ ਹੋ ਗਿਆ ਹੈ।

..............

ਰਾਕੇਸ਼ : (ਪਹਿਲਵਾਨ ਨੂੰ) ਤੁਸੀਂ ਇਕ ਵਾਰ ਕਿੰਨੇ ਆਦਮੀ ਉਠਾ ਸਕਦੇ ਹੋ?

ਪਹਿਲਵਾਨ : ਜ਼ਿਆਦਾ ਤੋਂ ਜ਼ਿਆਦਾ ਚਾਰ-ਪੰਜ।

ਰਾਕੇਸ਼ : ਤੇਰੇ ਤੋਂ ਚੰਗਾ ਤਾਂ ਮੇਰਾ ਮੁਰਗਾ ਹੈ ਜੋ ਸਵੇਰੇ ਪੂਰੇ ਮੁਹੱਲੇ ਨੂੰ ਉਠਾ ਦਿੰਦਾ ਹੈ।

– ਪੁਲਕਿਤ

ਨੇਤਾ ਜੀ ਭਾਸ਼ਣ ਕਰਦੇ ਹੋਏ ਬੋਲੇ –

ਅਸੀਂ ਰਾਜਨੀਤੀ ਦੇ ਮੈਦਾਨ ਵਿੱਚ ਚੰਗੇ-ਚੰਗੇ ਪਹਿਲਵਾਨਾਂ ਨੂੰ ਪਛਾੜ ਦਿੱਤਾ ਹੈ।

ਐਨੇ ਵਿੱਚ ਇਕ ਅਵਾਜ਼ ਆਈ –

ਆਪ ਕਿਉਂ ਸਰੇਆਮ ਝੂਠ ਬੋਲ ਰਹੇ ਹੋ? ਕੱਲ ਰਾਤ ਨੂੰ ਹੀ ਤੁਹਾਡੀ ਪਤਨੀ ਤੁਹਾਡੇ ਪਿੱਛੇ ਵੇਲਣਾ ਲੈ ਕੇ ਦੌੜੀ ਸੀ ਅਤੇ ਤੁਸੀਂ ਬਿਸਤਰੇ ਦੇ ਹੇਠਾਂ ਲੁਕ ਗਏ ਸੀ।

..............

ਸੇਠ : (ਨੌਕਰ ਨੂੰ) ਤੂੰ ਲੈਟਰ ਬਾਕਸ ਵਿੱਚ ਖਤ ਪਾ ਦਿੱਤਾ?

ਨੌਕਰ : ਨਹੀਂ ਸੇਠ ਜੀ।

ਸੇਠ : ਕਿਉਂ ਨਹੀਂ ਪਾਇਆ?

ਨੌਕਰ : ਕਿਵੇਂ ਪਾਉਂਦਾ? ਲੈਟਰ ਬਾਕਸ ਦੇ ਬਾਹਰ ਤਾਲਾ ਲਗਾ ਸੀ।



..............

ਮਾਂ ਨੇ ਦੁੱਧ ਵਿੱਚ ਡਬਲਰੋਟੀ ਪਾ ਦਿੱਤੀ ਅਤੇ ਦੁੱਧ ਬੱਚੇ ਨੂੰ ਦੇ ਦਿੱਤਾ। ਤਦੇ ਬੱਚਾ ਜ਼ੋਰ - ਜ਼ੋਰ ਨਾਲ ਰੋਣ ਲੱਗਾ।

ਮਾਂ ਨੇ ਬੱਚੇ ਤੋਂ ਰੋਣ ਦਾ ਕਾਰਣ ਪੁੱਛਿਆ ਤਾਂ ਕਹਿਣ ਲਗਾ –

ਤੂੰ ਜੋ ਡਬਲਰੋਟੀ ਦੁੱਧ ਵਿੱਚ ਪਾਈ ਸੀ। ਸਾਰਾ ਦੁੱਧ ਉਹ ਰੋਟੀ ਪੀ ਗਈ, ਹੁਣ ਮੈਂ ਕੀ ਪੀਵਾਂ?

– ਰੋਸ਼ਨ

❒ ਕਿਰਣ ਬਾਲਾ

# ਅਜਬ ਅਨੋਖੇ ਡੱਡੂ

ਬਾਰਿਸ਼ ਦੀ ਸ਼ੁਰੂਆਤ ਹੁੰਦੇ ਹੀ ਡੱਡੂਆਂ ਦੀ ਟਰਰ-ਟਰਰ ਦੀਆਂ ਆਵਾਜ਼ਾਂ ਚਾਰੇ ਪਾਸੇ ਸੁਣਾਈ ਦਿੰਦੀਆਂ ਹਨ। ਆਪ ਨੇ ਆਪਣੇ ਗਲੀ-ਮੁਹੱਲਿਆਂ ਅਤੇ ਬਾਗ-ਬਗੀਚਿਆਂ ਵਿੱਚ ਉਛਲਦੇ-ਕੁੱਦਦੇ ਡੱਡੂਆਂ ਨੂੰ ਤਾਂ ਵੇਖਿਆ ਹੋਏਗਾ ਲੇਕਿਨ ਇਥੇ ਅਸੀਂ ਆਪ ਨੂੰ ਅਜਿਹੇ ਡੱਵੂਆਂ ਦੇ ਬਾਰੇ ਦੱਸ ਰਹੇ ਹਾਂ ਜੋ ਵਾਕਈ ਅਜਬ ਅਨੋਖੇ ਹਨ।

ਵਿਸ਼ਵ ਦਾ ਸਭ ਤੋਂ ਵੱਡਾ ਜਾਂ ਵਿਸ਼ਾਲ ਆਕਾਰ ਦਾ ਡੱਡੂ ਗੋਲਿਯਥ ਹੈ। ਇਹ ਕੈਮਰੂਨ ਅਤੇ ਭੂਮੱਧਵਰਤੀ ਗਿਨੀ ਵਿੱਚ ਮਿਲ ਜਾਂਦਾ ਹੈ। ਸੰਨ 1989 ਵਿੱਚ ਫੜੇ ਗਏ ਇਕ ਡੱਡੂ ਦੀ ਲੰਬਾਈ 14 ਇੰਚ ਅਤੇ ਪੈਰ ਫੈਲਾਉਣ ਤੇ ਸਾਢੇ 34 ਇੰਚ ਸੀ। ਇਸ ਡੱਡੂ ਦਾ ਵਜਨ 3.66 ਕਿਲੋਗ੍ਰਾਮ ਸੀ। ਡੱਡੂਆਂ ਦੀਆਂ ਸਾਰੀਆਂ ਪ੍ਰਜਾਤੀਆਂ



ਵਿੱਚ ਕੱਚ ਡੱਡੂ ਸਭ ਤੋਂ ਜ਼ਿਆਦਾ ਅਨੋਖਾ ਅਤੇ ਸੁੰਦਰ ਹੁੰਦਾ ਹੈ।ਇਸ ਦੀ ਚਮੜੀ ਪੂਰੀ ਤਰ੍ਹਾਂ ਪਾਰਦਰਸ਼ੀ ਹੁੰਦੀ ਹੈ। ਜਿਸ ਦੀ ਵਜਾ ਨਾਲ ਬਾਹਰ ਤੋਂ ਹੀ ਉਸ ਦੇ ਸਰੀਰ ਦੇ ਸਾਰੇ ਅੰਗ ਸਪੱਸ਼ਟ ਦਿਖਾਈ ਦਿੰਦੇ ਹਨ। ਇਥੋਂ ਤਕ ਕਿ ਲੱਤਾਂ ਦੀਆਂ ਅੰਦਰੂਨੀ ਹੱਡੀਆਂ ਅਤੇ ਧਮਣੀਆਂ ਵਿੱਚ ਦੌੜਦਾ ਖ਼ੂਨ ਵੀ ਸਾਫ਼ ਦਿਖਾਈ ਦਿੰਦਾ ਹੈ। ਸੇਂਟ੍ਰੋਲਾਈਡਿਲੇ ਪਰਿਵਾਰ ਦੀ ਇਹ ਪ੍ਰਜਾਤੀ ਰੁੱਖਾਂ ਤੇ ਰਹਿੰਦੀ ਹੈ। ਇਹਨਾਂ ਦੇ ਪੈਰ ਗੱਦੇਦਾਰ ਅਤੇ ਚਿਪਕਣ ਵਾਲੇ ਹੁੰਦੇ ਹਨ। ਇਸ ਨਾਲ ਇਹ ਡੱਡੂ ਬੜੀ ਆਸਾਨੀ ਨਾਲ ਇਕ ਰੁੱਖ ਤੋਂ ਦੂਸਰੇ ਰੁੱਖ ਦੇ ਕੁੱਦ ਸਕਦੇ ਹਨ।

ਪੰਛੀਆਂ ਨੂੰ ਤਾਂ ਆਲ੍ਹਣੇ ਬਣਾਉਂਦੇ ਵੇਖਿਆ ਹੈ ਪਰ ਸ਼ਾਇਦ ਆਪ ਨਹੀਂ ਜਾਣਦੇ ਕਿ ਡੱਡੂਆਂ ਦੀਆਂ ਕੁਝ ਪ੍ਰਜਾਤੀਆਂ ਰਹਿਣ ਲਈ ਆਲ੍ਹਣੇ ਵੀ ਬਣਾਉਂਦੀਆਂ ਹਨ। ਇਹ ਆਲ੍ਹਣੇ ਰੁੱਖਾਂ ਤੇ ਬਣਾਏ ਜਾਂਦੇ ਹਨ। ਆਲ੍ਹਣੇ ਬਣਾਉਣ ਵਿੱਚ ਇਹ ਤਿਨਕਿਆਂ ਦਾ ਇਸਤੇਮਾਲ ਕਰਦੇ ਹਨ ਜਿਥੇ ਮਾਦਾ ਆਂਡੇ ਦਿੰਦੀ ਹੈ ਅਤੇ ਬੱਚੇ ਵਿਕਸਿਤ ਹੁੰਦੇ ਹਨ।

ਵਿਸ਼ਵ ਦਾ ਸਭ ਤੋਂ ਜ਼ਹਿਰੀਲਾ ਡੱਡੂ ਬਟਰਾਚੋਟਾਕਸਿਨ ਹੈ। ਇਸ ਡੱਡੂ ਦੀ ਖੋਜ 1973 ਵਿੱਚ ਕੋਲੰਬੀਆ ਵਿੱਚ ਹੋਈ। ਇਸ ਦੀ ਚਮੜੀ ਤੋਂ ਫਾਈਲੋਬੇਟਸ ਟੇਰਿਬਿਲਿਸ ਨਾਮਕ ਜ਼ਹਿਰ ਦਾ ਰਸਾਵ ਹੁੰਦਾ ਹੈ। ਇਹ ਜ਼ਹਿਰ ਕਿਸੇ ਵੀ ਜ਼ਹਿਰ ਤੋਂ 20 ਗੁਣਾ ਜ਼ਿਆਦਾ ਜ਼ਹਿਰੀਲਾ ਹੁੰਦਾ ਹੈ। ਇਕ ਡੱਡੂ 1500 ਲੋਕਾਂ ਦੀ ਜਾਨ ਲੈਣ ਲਈ ਕਾਫੀ ਹੈ। ਇਹਨੂੰ ਫੜਨ ਲਈ ਮੋਟੇ ਦਸਤਾਨੇ ਪਾਉਣੇ ਪੈਂਦੇ ਹਨ।

ਏਰੋ ਪਾਈਸਨ ਪ੍ਰਜਾਤੀ ਦੇ ਡੱਡੂ ਦੀ ਚਮੜੀ ਐਨੀ ਜ਼ਹਿਰੀਲੀ ਹੁੰਦੀ ਹੈ ਕਿ ਆਦਿਵਾਸੀ ਸ਼ਿਕਾਰ ਦੇ ਸਮੇਂ ਆਪਣੇ ਤੀਰਾਂ ਤੇ ਇਸ ਦੇ ਜ਼ਹਿਰ ਦਾ ਇਸਤੇਮਾਲ ਕਰਦੇ ਹਨ।

ਡੱਡੂ ਦੇ ਆਂਡੇ ਟੇਡਪੋਲ ਵਿੱਚ ਬਦਲਦੇ ਹਨ ਜੋ ਕਿ ਪੂਰੇ ਡੱਡੂ ਦੇ ਰੂਪ ਵਿੱਚ ਪਰਿਵਰਤਿਤ ਹੁੰਦੇ ਹਨ ਲੇਕਿਨ ਪੈਰਾਡਾਕਸਿਕਲ ਫ੍ਰਾਗ ਦਾ ਟੇਡਪੋਲ ਵਧ ਕੇ ਡੱਡੂ ਨਹੀਂ ਬਣਦਾ ਬਲਕਿ ਸਿਕੁੜ ਕੇ ਆਪਣੇ ਤੋਂ ਇਕ ਚੌਥਾਈ ਆਕਾਰ ਵਿੱਚ ਡੱਡੂ ਵਿੱਚ ਬਦਲ ਜਾਂਦਾ ਹੈ। ■





ਪੇਸ਼ਕਸ਼ : ਵਿਕਾਸ ਅਰੋੜਾ

# ਸਾਧਾਰਣ ਗਿਆਨ ਪ੍ਰਸ਼ਨੋਤਰੀ?



(ਸਭ ਸਵਾਲਾਂ ਦੇ ਜੁਆਬ 'ਦ' ਅੱਖਰ ਤੇ ਖਤਮ ਹੁੰਦੇ ਹਨ। ਪੈਨ ਜਾਂ ਪੈਂਸਿਲ ਉਠਾਉ ਅਤੇ ਪ੍ਰਸ਼ਨਚਿੰਨ ਦੇ ਬਾਅਦ ਉੱਤਰ ਲਿਖਦੇ ਜਾਉ।)

ਪ੍ਰਸ਼ਨ 1) ਤਿਰੰਗੇ ਦੇ ਵਿਚਕਾਰ ਵਾਲੀ ਪੱਟੀ ਦਾ ਰੰਗ ਕਿਹੜਾ ਹੈ?

ਪ੍ਰਸ਼ਨ 2) ਉੱਤਰ-ਪ੍ਰਦੇਸ਼ ਦਾ ਕਿਹੜਾ ਸ਼ਹਿਰ ਗੰਗਾ, ਯਮੁਨਾ ਅਤੇ ਸਰਸਵਤੀ ਦੇ ਸੰਗਮ ਉਤੇ ਵੱਸਿਆ ਹੈ?

ਪ੍ਰਸ਼ਨ 3) ਭਾਰਤ ਦੇ ਪਹਿਲੇ ਸਿਖਿਆ ਮੰਤਰੀ ਕੌਣ ਸਨ?

ਪ੍ਰਸ਼ਨ 4) ਸਭ ਤੋਂ ਜ਼ਿਆਦਾ ਸਮੇਂ ਤਕ ਭਾਰਤ ਦੇ ਰਾਸ਼ਟਰਪਤੀ ਕੌਣ ਰਹੇ?

ਪ੍ਰਸ਼ਨ 5) ਕਿਹੜੇ ਮਸ਼ਹੂਰ ਹਿੰਦੀ ਲੇਖਕ ਉਰਦੂ ਵਿਚ 'ਨਵਾਬ' ਦੇ ਨਾਂ ਨਾਲ ਲਿਖਦੇ ਸਨ?

ਪ੍ਰਸ਼ਨ 6) ਕਿਸ ਭਗਤ ਦੇ ਪ੍ਰਾਣਾਂ ਦੀ ਰੱਖਿਆ ਦੀ ਖੁਸ਼ੀ ਵਿਚ ਹੋਲੀ ਦਾ ਤਿਉਹਾਰ ਮਨਾਇਆ ਜਾਂਦਾ ਹੈ?

ਪ੍ਰਸ਼ਨ 7) ਕਿਸ ਵੇਦ ਦੀ ਰਚਨਾ ਸਭ ਤੋਂ ਬਾਦ ਵਿਚ ਹੋਈ?

ਪ੍ਰਸ਼ਨ 8) ਉੱਤਰ ਪ੍ਰਦੇਸ਼ ਦਾ ਕਿਹੜਾ ਸ਼ਹਿਰ ਕੱਚ ਦੀਆਂ ਚੂੜੀਆਂ ਬਣਾਉਣ ਲਈ ਪ੍ਰਸਿੱਧ ਹੈ?

ਪ੍ਰਸ਼ਨ 9) 'ਲਤਾ ਮੰਗੇਸ਼ਕਰ' ਪੁਰਸਕਾਰ ਦੇ ਸਭ ਤੋਂ ਪਹਿਲੇ ਵਿਜੇਤਾ ਕਿਹੜੇ ਫਿਲਮ ਸੰਗੀਤਕਾਰ ਸਨ?

ਪ੍ਰਸ਼ਨ 10) ਬਾਲੀ ਦੇ ਪੁੱਤਰ ਦਾ ਕੀ ਨਾਂ ਸੀ?

ਪ੍ਰਸ਼ਨ 11) ਕਨੌਜ ਦੇ ਕਿਸ ਰਾਜੇ ਨੇ ਮੁਹੰਮਦ ਗੌਰੀ ਦੀ ਸਹਾਇਤਾ ਕਰਕੇ ਪ੍ਰਿਥਵੀਰਾਜ ਚੋਹਾਨ ਨਾਲ ਗੱਦਾਰੀ ਕੀਤੀ ਸੀ?

ਪ੍ਰਸ਼ਨ 12) ਕਿਸ ਸ਼ਹਿਰ ਨੂੰ ਹੈਦਰਾਬਾਦ ਦਾ ਜੁੜਵਾਂ-ਨਗਰ ਕਿਹਾ ਜਾਂਦਾ ਹੈ?

ਪ੍ਰਸ਼ਨ 13) ਸੰਨ 1975 ਵਿਚ ਐਮਰਜੈਂਸੀ ਦੀ ਘੋਸ਼ਣਾ ਸਮੇਂ ਭਾਰਤ ਦੇ ਰਾਸ਼ਟਰਪਤੀ ਕੌਣ ਸਨ?

ਪ੍ਰਸ਼ਨ 14) ਚੰਦਰਗੁਪਤ ਨੇ ਪਾਟਲੀ ਪੁੱਤਰ ਵਿਚ ਕਿਸ ਵੰਸ਼ ਨੂੰ ਉਖਾੜ ਕੇ ਮੌਰੀਆ ਵੰਸ਼ ਦੀ ਨੀਂਹ ਰੱਖੀ?

(ਸਹੀ ਉੱਤਰ ਕਿਸੇ ਹੋਰ ਪੰਨੇ ਤੇ ਵੇਖੋ)



# ਕਿੱਟੀ

ਚਿੱਤਰਕਾਰ ਅਤੇ ਲੇਖਕ - ਅਜੈ ਕਾਲੜਾ




ਸਵੱਛ ਭਾਰਤ
ਤੂੰ ਬਿਲਕੁਲ ਠੀਕ ਕਿਹਾ ਕਿੱਟੀ ਬੇਟਾ! ਬੱਚਿਓ, ਸਫ਼ਾਈ ਨਾਲ ਸਾਡਾ ਤਨ ਅਤੇ ਮਨ ਦੋਵੇਂ ਨਿਰਮਲ ਅਤੇ ਸਾਫ਼ ਰਹਿੰਦੇ ਹਨ ਅਤੇ ਵਾਤਾਵਰਨ ਵੀ ਸ਼ੁਧ ਰਹਿੰਦਾ ਹੈ।
ਟੀਚਰ ਜੀ, ਮੈਂ ਤਾਂ ਆਪਣੇ ਘਰ ਦੇ ਅੰਦਰ, ਬਾਹਰ ਅਤੇ ਆਂਢ-ਗੁਆਂਢ ਵਿੱਚ ਸਫ਼ਾਈ ਦਾ ਵਿਸ਼ੇਸ਼ ਧਿਆਨ ਰੱਖਦੀ ਹਾਂ।
ਸ਼ਾਬਾਸ਼, ਕਿੱਟੀ! ਬੱਚਿਓ ਤੁਸੀਂ ਸਾਰਿਆਂ ਨੇ ਤਾਂ ਵੇਖਿਆ ਹੀ ਹੋਏਗਾ ਕਿ ਸਾਡੀ ਸਰਕਾਰ ਅਤੇ ਬਹੁਤ ਸਾਰੀਆਂ ਸੰਸਥਾਵਾਂ ਸਾਡੇ ਦੇਸ਼ ਨੂੰ ਸਾਫ਼ ਬਣਾਉਣ ਲਈ ਇਸ ਮੁਹਿੰਮ ਵਿੱਚ ਲੱਗੀਆਂ ਹੋਈਆਂ ਹਨ।


ਹਾਂ! ਟੀਚਰ ਜੀ, ਮੈਂ ਟੀ.ਵੀ. ਤੇ ਪ੍ਰਚਾਰ ਵੀ ਵੇਖਿਆ ਸੀ ਜਿਸ ਵਿੱਚ ਲੋਕ ਸੜਕ ਤੇ ਝਾੜੂ ਲਗਾ ਕੇ ਸਫ਼ਾਈ ਮੁਹਿੰਮ ਦਾ ਪ੍ਰਚਾਰ ਕਰ ਰਹੇ ਸਨ।
ਠੀਕ ਕਿਹਾ ਕਿੱਟੀ ਤੂੰ! ਬੱਚਿਉ ਉਹਨਾਂ ਦੀ ਇਸ ਪਹਿਲ ਨੂੰ ਸਾਨੂੰ ਸਾਰਿਆਂ ਨੂੰ ਅਪਨਾਉਣਾ ਪਏਗਾ ਕਿਉਂਕਿ ਭਾਰਤ ਸਾਡਾ ਦੇਸ਼ ਹੈ ਅਤੇ ਅਸੀਂ ਇਸ ਵਿੱਚ ਰਹਿੰਦੇ ਹਾਂ। ਇਸ ਦੀ ਹਰ ਸੜਕ-ਗਲੀ ਨੂੰ ਸਾਫ਼ ਰੱਖਣਾ ਸਾਡਾ ਫਰਜ਼ ਹੈ।
ਆਪ ਬਿਲਕੁਲ ਸਹੀ ਕਹਿ ਰਹੀ ਹੋ ਟੀਚਰ ਜੀ।
ਜੀ ਟੀਚਰ ਜੀ, ਅਸੀਂ ਵੀ ਇਸ ਮੁਹਿੰਮ ਵਿੱਚ ਸ਼ਾਮਿਲ ਹੋ ਕੇ ਸਫ਼ਾਈ ਨੂੰ ਅਪਨਾਵਾਂਗੇ।
ਬਹੁਤ ਚੰਗਾ ਬੱਚਿਉ! ਹੁਣ ਤੋਂ ਤੁਹਾਡਾ ਵੀ ਫਰਜ਼ ਹੈ ਕਿ ਆਪਣੇ ਆਸ-ਪਾਸ ਕੂੜਾ ਇੱਕਠਾ ਨਾ ਹੋਣ ਦਈਏ, ਕੂੜੇਦਾਨ ਦਾ ਹਮੇਸ਼ਾਂ ਪ੍ਰਯੋਗ ਕਰਨਾ ਚਾਹੀਦਾ ਹੈ ਅਤੇ ਸੁਣੋ! ਅਗਰ ਕੋਈ ਇਧਰ-ਉਧਰ ਕੂੜਾ ਜਾਂ ਗੰਦਗੀ ਫੈਲਾਉਂਦਾ ਹੋਇਆ ਨਜ਼ਰ ਆਏ ਤਾਂ ਉਹਨੂੰ ਮਨਾ ਕਰੋ।


ਟੀਚਰ ਜੀ! ਇਸ ਦੇ ਨਾਲ ਹੀ ਅਸੀਂ ਆਪਣੇ ਮੁਹੱਲੇ ਦਾ ਵੀ ਦੌਰਾ ਕਰਾਂਗੇ ਅਤੇ ਲੋਕਾਂ ਨੂੰ ਸਫ਼ਾਈ ਦੇ ਫਾਇਦੇ ਬਾਰੇ ਵੀ ਦੱਸਾਂਗੇ।
ਬਹੁਤ ਖ਼ੂਬ ਬੱਚਿਓ ਅਤੇ ਉਂਝ ਵੀ ਸਾਫ਼-ਸਫ਼ਾਈ ਨਾਲ ਅਸੀਂ ਤੰਦਰੁਸਤ ਰਹਿੰਦੇ ਹਾਂ ਅਤੇ ਗੰਦਗੀ ਨਾਲ ਅਸੀਂ ਬੀਮਾਰ ਹੋ ਜਾਂਦੇ ਹਾਂ।
ਠੀਕ ਕਿਹਾ ਆਪ ਨੇ ਟੀਚਰ ਜੀ! ਸਫ਼ਾਈ ਰਹੇਗੀ ਤਾਂ ਅਸੀਂ ਤੰਦਰੁਸਤ ਰਹਾਂਗੇ।



❒ ਮਨਮੋਹਨ ਬਾਵਾ

# ਪੜ੍ਹੋ ਅਤੇ ਵਧੋ

ਵਿਦਿਆ ਵਿਅਕਤੀ ਨੂੰ ਮਹਾਨ ਬਣਾਉਂਦੀ ਹੈ। ਵਿਦਿਆ ਨਿਮਰਤਾ ਅਤੇ ਲਗਨ ਨਾਲ ਹਾਸਿਲ ਕੀਤੀ ਜਾਂਦੀ ਹੈ। ਬੱਚੇ ਹਰ ਰੋਜ਼ ਸਕੂਲ ਜਾਂਦੇ ਹਨ, ਅਧਿਆਪਕ ਜੋ ਕੁਝ ਪੜਾਉਂਦੇ ਹਨ ਉਹਨੂੰ ਧਿਆਨ ਨਾਲ ਸੁਣਦੇ-ਸਮਝਦੇ ਹਨ। ਚੰਗੇ ਵਿਦਿਆਰਥੀ ਸਕੂਲ ਤੋਂ ਵਾਪਸ ਆ ਕੇ ਦਿਨ ਵਿੱਚ ਜੋ ਪੜਾਇਆ ਗਿਆ ਹੈ ਉਹਨੂੰ ਦੁਹਰਾਉਂਦੇ ਹਨ। ਅਗਲੇ ਦਿਨ ਅਧਿਆਪਕ ਕੀ ਪੜਾਉਣ ਵਾਲੇ ਹਨ ਉਹਨੂੰ ਪਹਿਲਾਂ ਤੋਂ ਹੀ ਪੜ ਕੇ ਜਾਂਦੇ ਹਨ ਤਾਂਕਿ ਜਮਾਤ ਵਿੱਚ ਅਧਿਆਪਕ ਜਦ ਪੜਾਏ ਤਾਂ ਸਭ ਕੁਝ ਠੀਕ ਠਾਕ ਨਾਲ ਸਮਝ ਵਿੱਚ ਆਉਂਦਾ ਜਾਏ।

ਉੱਤਰ ਪ੍ਰਦੇਸ਼ ਹਾਇਰ ਸੈਕੰਡਰੀ ਬੋਰਡ ਦੀ ਦਸਵੀਂ ਜਮਾਤ ਵਿੱਚ ਟਾਪ ਕਰਨ ਵਾਲੀ ਵਿਦਿਆਰਥਣ ਤੋਂ ਜਦ ਪੁੱਛਿਆ ਗਿਆ ਕਿ ਆਪ ਐਨੇ ਜ਼ਿਆਦਾ ਅੰਕ ਲੈਣ ਵਿੱਚ ਕਿਵੇਂ ਸਫਲ ਰਹੀ ਤਾਂ ਉਸਨੇ ਵੀ ਇਹੀ ਦੱਸਿਆ ਕਿ ਅਧਿਆਪਕ ਦੇ ਪੜਾਉਣ ਸਮੇਂ ਧਿਆਨਪੂਰਵਕ ਸੁਣਨਾ ਅਤੇ ਦੂਸਰੇ ਦਿਨ ਕੀ ਪੜਾਇਆ ਜਾਏਗਾ ਉਹ ਘਰੋਂ ਪੜ ਕੇ ਜਾਣਾ ਹੀ ਮੇਰਾ ਉਹ ਤਰੀਕਾ ਸੀ ਜਿਸ ਨੇ ਮੈਨੂੰ ਲੱਖਾਂ ਵਿਦਿਆਰਥੀਆਂ ਵਿਚੋਂ ਪਹਿਲਾ ਸਥਾਨ ਦਿਵਾਇਆ।

ਬੱਚੇ ਹਮੇਸ਼ਾਂ ਮਾਤਾ-ਪਿਤਾ ਦੀ ਗੱਲ ਨੂੰ ਅਣਸੁਣਾ ਕਰਕੇ ਲਾਪਰਵਾਹੀ ਕਰਦੇ ਹਨ ਅਤੇ ਜਦ ਪ੍ਰੀਖਿਆ ਦੇ ਦਿਨ ਨੇੜੇ ਆਉਂਦੇ ਹਨ ਤਦ ਪੜ ਕੇ ਸਫਲ ਹੋਣਾ ਚਾਹੁੰਦੇ ਹਨ, ਲੇਕਿਨ ਇਹ ਅਸਾਵਧਾਨੀ ਉਹਨਾਂ ਨੂੰ ਮਹਿੰਗੀ ਪੈਂਦੀ ਹੈ ਅਤੇ ਸਫਲਤਾ ਉਹਨਾਂ ਦੇ ਹੱਥੋਂ ਨਿਕਲ ਜਾਂਦੀ ਹੈ। ਇੰਝ ਹੀ ਇਕ ਪਿੰਡ ਵਿੱਚ ਇਕ ਕਿਸਾਨ ਰਹਿੰਦਾ ਸੀ। ਉਸਦੇ ਦੋ ਬੇਟੇ ਸਨ। ਕਿਸਾਨ ਸਖਤ ਮਿਹਨਤ ਕਰਕੇ ਖੇਤੀ ਕਰਦਾ ਸੀ। ਉਹ ਚਾਹੁੰਦਾ ਸੀ ਕਿ ਉਸਦੇ ਬੇਟੇ ਪੜ-ਲਿਖ ਕੇ ਵੱਡੇ ਆਦਮੀ ਬਣਨ ਲੇਕਿਨ ਦੋਵੇਂ ਬੇਟੇ ਉਸ ਦੀਆਂ ਉਮੀਦਾਂ ਤੇ ਖਰੇ ਨਹੀਂ ਉਤਰ ਰਹੇ ਸਨ। ਉਹ ਸਾਲ ਭਰ ਮਟਰਗਸ਼ਤੀ ਕਰਦੇ ਰਹਿੰਦੇ ਅਤੇ ਪ੍ਰੀਖਿਆ ਦੇ ਦਿਨਾਂ ਵਿੱਚ ਹੀ ਕਿਤਾਬਾਂ ਖੋਲਦੇ। ਉਹ ਪ੍ਰੀਖਿਆ ਤੋਂ ਪਹਿਲਾਂ ਜ਼ਰੂਰ ਮਿਹਨਤ ਕਰਦੇ, ਲੇਕਿਨ ਸਾਲਭਰ ਦੀ ਲਾਪ੍ਰਵਾਹੀ ਦੇ ਕਾਰਣ ਚੰਗੇ ਨੰਬਰ ਨਹੀਂ ਲੈ ਸਕਦੇ ਸਨ।



ਕਿਸਾਨ ਨੇ ਆਪਣੇ ਬੇਟਿਆਂ ਨੂੰ ਕਈ ਵਾਰ ਸਮਝਾਇਆ ਲੇਕਿਨ ਉਹ ਲਾਪਰਵਾਹ ਹੀ ਬਣੇ ਰਹੇ। ਉਹ ਉਲਟਾ ਉਲਾਂਬਾ ਦਿੰਦੇ - ਆਪ ਤਾਂ ਖੇਤੀ ਕਰਦੇ ਹੋ, ਆਪ ਨੂੰ ਕੀ ਪਤਾ ਪੜ੍ਹਾਈ ਦੇ ਬਾਰੇ ਵਿੱਚ?


ਕਿਸਾਨ ਆਪਣੇ ਬੱਚਿਆਂ ਦੇ ਇਸ ਵਰਤਾਉ ਤੋਂ ਬਹੁਤ ਦੁਖੀ ਸੀ। ਇਕ ਦਿਨ ਉਸਨੇ ਮਨ ਵਿੱਚ ਪੱਕਾ ਕਰ ਲਿਆ ਕਿ ਉਹ ਬੱਚਿਆਂ ਨੂੰ ਸਬਕ ਸਿਖਾਏਗਾ। ਉਸਨੇ ਅਚਾਨਕ ਆਪਣੇ ਖੇਤਾਂ ਵਿੱਚ ਜਾਣਾ ਬੰਦ ਕਰ ਦਿੱਤਾ। ਇਕ ਦਿਨ, ਦੋ ਦਿਨ, ਇਕ ਹਫ਼ਤਾ, ਦੋ ਹਫ਼ਤੇ, ਇਸ ਤਰ੍ਹਾਂ ਕਈ ਮਹੀਨੇ ਗੁਜ਼ਰ ਗਏ। ਇਕ ਦਿਨ ਉਸਦੀ ਪਤਨੀ ਨੇ ਪੁੱਛਿਆ - ਕੀ ਹੋਇਆ, ਅੱਜਕਲ ਆਪ ਖੇਤਾਂ ਵਿੱਚ ਨਹੀਂ ਜਾ ਰਹੇ?

ਕਿਸਾਨ ਨੇ ਆਪਣੀ ਪਤਨੀ ਨੂੰ ਦੱਸਿਆ ਕਿ ਬੱਚਿਆਂ ਨੂੰ ਸਬਕ ਸਿਖਾਉਣ ਲਈ ਉਹਨੂੰ ਇੰਝ ਕਰਨਾ ਪੈ ਰਿਹਾ ਹੈ, ਉਹ ਚਿੰਤਾ ਨਾ ਕਰੇ। ਆਖਿਰ ਜਦ ਬਿਜਾਈ ਦਾ ਸਮਾਂ ਆਇਆ ਤਾਂ ਕਿਸਾਨ ਨੇ ਆਪਣੇ ਬੱਚਿਆਂ ਨੂੰ ਆਪਣੇ ਨਾਲ ਖੇਤਾਂ ਵਿੱਚ ਆਉਣ ਲਈ ਕਿਹਾ। ਦੋਹਾਂ ਬੇਟਿਆਂ ਨੂੰ ਲੈ ਕੇ ਕਿਸਾਨ ਖੇਤ ਵਿੱਚ ਪਹੁੰਚਿਆ। ਖੇਤ ਵਿੱਚ ਚਾਰੇ ਪਾਸੇ ਖਰਪਤਵਾਰ ਫੈਲੀ ਹੋਈ ਸੀ। ਜਮੀਨ ਸਖਤ ਹੋ ਕੇ ਫਟਣ ਲੱਗੀ ਸੀ। ਖਰਪਤਵਾਰ ਨਸ਼ਟ ਕਰਨ ਵਿੱਚ ਹੀ ਸਵੇਰ ਤੋਂ ਸ਼ਾਮ ਹੋ ਗਈ। ਅਗਲੇ ਦਿਨ ਜਮੀਨ ਖੋਦਣੀ ਸੀ। ਜਮੀਨ ਐਨੀ ਸਖਤ ਹੋ ਚੁੱਕੀ ਸੀ ਕਿ ਦੋਹਾਂ ਬੇਟਿਆਂ ਦੇ ਹੱਥਾਂ ਵਿੱਚ ਛਾਲੇ ਪੈ ਗਏ। ਪ੍ਰੇਸ਼ਾਨ ਹੋ ਕੇ ਉਹ ਕਿਸਾਨ ਨੂੰ ਬੋਲੇ - ਬਾਪੂ ਆਪਨੇ ਪਹਿਲਾਂ ਖੇਤ ਵੱਲ ਧਿਆਨ ਦਿੱਤਾ ਹੁੰਦਾ ਤਾਂ ਇਹ ਨੌਬਤ ਨਹੀਂ ਆਉਂਦੀ। ਹੁਣ ਤਾਂ ਇਸ ਸਾਲ ਫਸਲ ਚੌਪਟ ਹੋ ਜਾਏਗੀ।

ਕਿਸਾਨ ਮੁਸਕਰਾ ਕੇ ਬੋਲਿਆ - ''ਮੈਂ ਤਾਂ ਅਨਪੜ੍ਹ ਕਿਸਾਨ ਹਾਂ। ਮੈਂ ਵੀ ਤੁਹਾਡੀ ਤਰ੍ਹਾਂ ਇਹੀ ਸੋਚਿਆ ਕਿ ਸਾਲ ਭਰ ਮਿਹਨਤ ਕਰਕੇ ਕੀ ਲਾਭ, ਜਦ ਫਸਲ ਬੀਜਣ ਦਾ ਸਮਾਂ ਆਏਗਾ ਮੈਂ ਤਦ ਬਿਜਾਈ ਕਰ ਲਵਾਂਗਾ।'' ਬੇਟਿਆਂ ਨੂੰ ਪਿਤਾ ਦਾ ਸਬਕ ਸਮਝ ਆ ਗਿਆ ਸੀ। ■

### ਸਾਧਾਰਣ ਗਿਆਨ ਪ੍ਰਸ਼ਨੋਤਰੀ ਦੇ ਜਵਾਬ

1) ਸਫੇਦ 2) ਇਲਾਹਾਬਾਦ
3) ਅਬਦੁਲ ਕਲਾਮ ਆਜ਼ਾਦ 4) ਰਾਜਿੰਦਰ ਪ੍ਰਸਾਦ
5) ਪ੍ਰੇਮ ਚੰਦ 6) ਪ੍ਰਹਿਲਾਦ 7) ਅਥਰਵੇਦ
8) ਫਿਰੋਜਾਬਾਦ 9) ਨੌਸ਼ਾਦ 10) ਅੰਗਦ
11) ਜੈ ਚੰਦ 12) ਸਿੰਕਦਰਾਬਾਦ
13) ਫਖਰੁਦੀਨ ਅਲੀ ਅਹਿਮਦ 14) ਨੰਦ ਵੰਸ਼



❑ ਜਸਵਿੰਦਰ ਸ਼ਾਇਰ

# ਬੱਚੇ

ਬੱਚੇ ਸਾਨੂੰ ਲੱਗਦੇ ਬੜੇ ਪਿਆਰੇ,
ਇਹ ਨੇ ਸਾਡੇ ਦਿਲਾਂ ਦੇ ਸਹਾਰੇ।

ਆਪਸ ਵਿਚ ਇਹ ਹੱਸਦੇ ਗਾਉਂਦੇ,
ਸਭ ਦੇ ਮਨਾਂ ਨੂੰ ਬੜਾ ਭਾਉਂਦੇ,
ਮੁੱਖ ਤੇ ਚਮਕੇ ਖੁਸ਼ੀ ਸਦਾ ਹੀ
ਜਿਵੇਂ ਅੰਬਰ ਵਿਚ ਚਮਕਣ ਤਾਰੇ।
ਬੱਚੇ....

ਬੱਸ ਭੁੱਖੇ ਹੁੰਦੇ ਨੇ ਇਹ ਪਿਆਰ ਦੇ,
ਫੁੱਲਾਂ ਵਾਂਗ ਰਹਿਣ ਮਹਿਕਾਂ ਖਿਲਾਰਦੇ,
ਨੱਚਣਾ-ਟੱਪਣਾ ਹੱਸੀ ਜਾਣਾ
ਇਹਨਾਂ ਦੇ ਨੇ ਚੋਜ਼ ਨਿਆਰੇ
ਬੱਚੇ....

ਹੋ ਕੱਠੇ ਖੇਡਣ ਲੁੱਕਣ-ਮਚਾਈ
ਆਪਸ ਵਿਚ ਨਾ ਕਰਨ ਲੜਾਈ
ਕੋਮਲ-ਕੋਮਲ ਫੁੱਲਾਂ ਵਰਗੇ
'ਸ਼ਾਇਰ' ਦੇ ਨੇ ਰਾਜ-ਦੁਲਾਰੇ
ਬੱਚੇ....

# ਕੀ ਤੁਸੀਂ ਜਾਣਦੇ ਹੋ



- ਅਮਰੀਕਾ ਦੇ ਰਾਸ਼ਟਰਪਤੀ ਇਬਰਾਹੀਮ ਲਿੰਕਨ ਦਾ ਵਾਕ 'ਜਨਤਾ ਕੀ ਸਰਕਾਰ, ਜਨਤਾ ਕੇ ਦੁਆਰਾ, ਜਨਤਾ ਕੇ ਲੀਏ ਅੱਜ ਵੀ ਆਦਰਸ਼ ਲੋਕਤੰਤਰ ਦਾ ਸੂਤਰ ਹੈ।
- ਜਨਵਰੀ ਮਹੀਨੇ ਦੀ 26 ਤਰੀਕ ਨੂੰ 'ਗਣਤੰਤਰ ਦਿਵਸ' ਦੇ ਰੂਪ ਵਿਚ ਮਨਾਇਆ ਜਾਂਦਾ ਹੈ।
- ਭਾਰਤ ਵਿਚ ਬਾਲ ਸੰਗਤਾਂ ਦਾ ਕੰਟਰੋਲ ਚੰਡੀਗੜ ਤੋਂ ਹੁੰਦਾ ਹੈ।
- ਪੁਰਾਣਾਂ ਦੀ ਗਿਣਤੀ ਅਠਾਰ੍ਹਾਂ ਹੈ।
- ਪੁਲਾੜ ਵਿਚ ਜਾਣ ਵਾਲਾ ਪਹਿਲਾ ਵਿਅਕਤੀ ਯੂਰੀ ਗਾਗਰਿਨ (ਰੂਸ) ਸੀ।
- ਚੰਦਰਮਾ ਤੇ ਪੈਰ ਰੱਖਣ ਵਾਲਾ ਪਹਿਲਾ ਵਿਅਕਤੀ ਨੀਲ.ਏ. ਆਰਮਸਟ੍ਰਾਂਗ ਸੀ।
- ਪੁਲਾੜ ਵਿਚ ਜਾਣ ਵਾਲੀ ਪਹਿਲੀ ਮਹਿਲਾ ਵੈਲੇਂਟੀਨਾ ਤੇਰੇਸ਼ਕੋਵਾ ਸੀ।
- ਪੁਲਾੜ ਵਿਚ ਜਾਣ ਵਾਲਾ ਪਹਿਲਾ ਭਾਰਤੀ ਰਾਕੇਸ਼ ਸ਼ਰਮਾ ਸੀ।
- ਪੁਲਾੜ ਵਿਚ ਜਾਣ ਵਾਲੀ ਪਹਿਲੀ ਭਾਰਤੀ ਮਹਿਲਾ ਕਲਪਨਾ ਚਾਵਲਾ ਸੀ।
- ਪੁਲਾੜ ਵਿਚ ਪਹਿਲੀ ਵਾਰ ਜਾਣ ਵਾਲਾ ਜਾਨਵਰ ਲਾਇਕਾ ਨਾਮ ਦੀ ਕੁੱਤੀ ਸੀ।
- ਪਹਿਲੇ ਭਾਰਤੀ ਉਪਗ੍ਰਹਿ ਦਾ ਨਾਮ ਆਰੀਆ ਭੱਟ ਹੈ।

- ਰਾਵਣ ਨੇ ਲੰਕਾ ਵਿਚ ਸੀਤਾ ਨੂੰ ਅਸ਼ੋਕ ਵਾਟਿਕਾ ਵਿਚ ਬੰਧਕ ਬਣਾ ਕੇ ਰੱਖਿਆ ਸੀ।
- ਭਾਰਤ ਦਾ ਸਭ ਤੋਂ ਉਚੱਾ ਬੰਨ ਭਾਖੜਾ ਨੰਗਲ ਹੈ।
- ਬਾਬਾ ਅਵਤਾਰ ਸਿੰਘ ਜੀ ਨੂੰ ਯੁਗਪੁਰਸ਼ ਅਤੇ ਸ਼ਹਿਨਸ਼ਾਹ ਦੇ ਨਾਂ ਨਾਲ ਵੀ ਪੁਕਾਰਿਆ ਜਾਂਦਾ ਹੈ।
- ਸੁਆਮੀ ਦਯਾਨੰਦ ਸਰਸਵਤੀ ਨੇ ਆਰੀਆ ਸਮਾਜ ਦੀ ਸਥਾਪਨਾ ਕੀਤੀ ਸੀ।
- ਭਾਰਤ ਦੇ ਪਹਿਲੇ ਵਿਗਿਆਨਕ ਰਾਸ਼ਟਰਪਤੀ ਏ.ਪੀ.ਜੇ ਅਬਦੁਲ ਕਲਾਮ ਸਨ।
- ਸੰਨ 1962 ਵਿਚ ਚੀਨ ਨੇ ਭਾਰਤ ਤੇ ਹਮਲਾ ਕੀਤਾ ਸੀ।
- ਅਰਜੁਨ ਦੇ ਧਨੁਸ਼ ਦਾ ਨਾਂ ਗਾਂਡੀਵ ਸੀ।
- ਜੁਲਾਈ 2011 ਵਿਚ ਪੰਜਾਬ ਦੇ ਪਠਾਨਕੋਟ ਅਤੇ ਫਾਜਿਲਕਾ ਦੋ ਨਵੇਂ ਜਿਲੇ ਬਣਾਏ ਗਏ।
- ਭਾਰਤ ਦੇ ਗਵਾਂਢੀ ਬੰਗਲਾਦੇਸ਼ ਦੀ ਪ੍ਰਧਾਨਮੰਤਰੀ ਦਾ ਨਾਮ ਸ਼ੇਖ ਹਸੀਨਾ ਹੈ।

ਸੰਗ੍ਰਹਿਕਰਤਾ

ਜਗਤਾਰ ਚਮਨ

*ਬਾਲ ਕਹਾਣੀ : ਰਾਧੇਲਾਲ 'ਨਵਚੱਕਰ'*

# ਭਰਮ

ਇੱਕ ਨਦੀ ਸੀ ਸਵਰਣ ਰੇਖਾ। ਨਦੀ ਦੇ ਕਿਨਾਰੇ ਇਕ ਮਹਾਂਰਿਸ਼ੀ ਦਾ ਆਸ਼ਰਮ ਸੀ। ਕਈ ਵਿਦਿਆਰਥੀ ਉਥੇ ਰਹਿ ਕੇ ਵਿਦਿਆ ਅਧਿਐਨ ਕਰਦੇ ਸਨ। ਇਕ ਦਿਨ ਦੀ ਗੱਲ ਹੈ ਕਿ ਸਵੇਰ ਦਾ ਵੇਲਾ ਸੀ। ਹਵਾ ਹੌਲੀ-ਹੌਲੀ ਵਹਿ ਰਹੀ ਸੀ। ਮਹਾਂਰਿਸ਼ੀ ਵਿਦਿਆਰਥੀਆਂ ਨੂੰ ਕੁਝ ਗਿਆਨ ਦੀਆਂ ਗੱਲਾਂ ਦੱਸ ਰਹੇ ਸਨ। ਅਚਾਨਕ ਉਸ ਇਲਾਕੇ ਦਾ ਖੂੰਖਾਰ ਡਾਕੂ ਕਾਲੂ ਸਿੰਘ ਉਥੇ ਆ ਧਮਕਿਆ। ਉਸ ਨੇ ਇਕ ਨਜ਼ਰ ਮਹਾਂਰਿਸ਼ੀ ਅਤੇ ਉਹਨਾਂ ਦੇ ਵਿਦਿਆਰਥੀਆਂ ਤੇ ਮਾਰੀ। ਮਹਾਂਰਿਸ਼ੀ ਅਤੇ ਉਸ ਦੇ ਵਿਦਿਆਰਥੀਆਂ ਦੀ ਨਜ਼ਰ ਉਸ ਵੱਲ ਨਹੀਂ ਗਈ ਸੀ। ਉਹ ਉਸ ਦੇ ਆਉਣ ਤੋਂ ਬਿਲਕੁਲ ਬੇਖਬਰ ਸਨ।

ਕੁਝ ਪਲ ਡਾਕੂ ਕਾਲੂ ਸਿੰਘ ਆਪਣੀ ਜਗ੍ਹਾ ਖੜਾ ਰਿਹਾ ਪਰ ਨਜ਼ਰ ਨਾ ਪੈਣ ਦੇ ਕਾਰਣ ਕਿਸੇ ਨੇ ਉਸ ਨੂੰ ਕੁਝ ਨਹੀਂ ਕਿਹਾ। ਉਸ ਨੇ ਇਸ ਨੂੰ ਆਪਣਾ ਅਪਮਾਨ ਸਮਝਿਆ। ਉਹ ਗਰਜ ਉਠਿਆ – ਮਹਾਂਰਿਸ਼ੀ, ਤੇਰੀ ਇਹ ਮਜਾਲ।

ਝਟ ਸਾਰਿਆਂ ਦੀ ਨਜ਼ਰ ਉਸ ਵੱਲ ਗਈ। ਮਹਾਂਰਿਸ਼ੀ ਕੋਮਲ ਸੁਭਾਅ ਨਾਲ ਬੋਲੇ– ਕੌਣ ਹੋ ਭਾਈ?

– ਮੈਨੂੰ ਨਹੀਂ ਜਾਣਦੇ? ਮੈਂ ਹਾਂ ਡਾਕੂ ਕਾਲੂ ਸਿੰਘ। – ਉਸ ਨੇ ਆਕੜ ਦਿਖਾਈ।

– ਇਹ ਤਾਂ ਆਸ਼ਰਮ ਹੈ। ਇਥੇ ਵਿਦਿਆਰਥੀ ਗਿਆਨ ਪ੍ਰਾਪਤ ਕਰਨ ਲਈ ਆਉਂਦੇ ਹਨ। ਡਾਕੂ ਦਾ ਇਥੇ ਕੀ ਕੰਮ? ਫਿਰ ਵੀ ਦੱਸ, ਮੈਂ ਤੇਰੀ ਕੀ ਸੇਵਾ ਕਰਾਂ? – ਮਹਾਂਰਿਸ਼ੀ ਸ਼ਾਂਤ ਸੁਰ ਵਿੱਚ ਬੋਲੇ।


– ਇਥੇ ਮੇਰਾ ਅਪਮਾਨ ਹੋਇਆ ਹੈ। ਮੈਂ ਆਪਣਾ ਅਪਮਾਨ ਸਹਿਨ ਨਹੀਂ ਕਰ ਸਕਦਾ। – ਡਾਕੂ ਕਾਲੂ ਸਿੰਘ ਦੀਆਂ ਅੱਖਾਂ ਗੁੱਸੇ ਨਾਲ ਲਾਲ-ਪੀਲੀਆਂ ਨਜ਼ਰ ਆ ਰਹੀਆਂ ਸਨ।

– ਕਿਹੋ ਜਿਹਾ ਅਪਮਾਨ? – ਮਹਾਂਰਿਸ਼ੀ ਨੇ ਪੁੱਛਿਆ।

– ਮੈਂ ਇਥੇ ਬਹੁਤ ਦੇਰ ਤੋਂ ਖੜਾ ਹਾਂ ਪਰ ਕਿਸੇ ਨੇ ਮੇਰਾ ਕੁਝ ਖਿਆਲ ਨਹੀਂ ਕੀਤਾ। –ਡਾਕੂ ਕਾਲੂ ਸਿੰਘ ਨੇ ਫਿਰ ਕਿਹਾ– ਮਹਾਂਰਿਸ਼ੀ ਚੰਗੀ ਤਰ੍ਹਾਂ ਜਾਣ ਲਉ, ਇਹ ਮੇਰਾ ਇਲਾਕਾ ਹੈ। ਮੇਰੀ ਇੱਛਾ ਦੇ ਬਿਨਾ ਇਥੇ ਪੱਤਾ ਤਕ ਨਹੀਂ ਹਿਲਦਾ ਹੈ।

– ਇਹ ਤੇਰਾ ਭਰਮ ਹੈ, ਕਾਲੂ ਸਿੰਘ। – ਮਹਾਂਰਿਸ਼ੀ ਨੇ ਨਿੰਡਰਤਾ-ਪੂਰਵਕ ਕਿਹਾ। – ਕਿਸੇ ਵੀ





ਡਾਕੂ ਵਿੱਚ ਐਨੀ ਤਾਕਤ ਹੋ ਹੀ ਨਹੀਂ ਸਕਦੀ ਕਿ ਉਸਦੀ ਇੱਛਾ ਬਿਨਾ ਪੱਤਾ ਤਕ ਨਹੀਂ ਹਿਲੇ।

– ਇਹ ਸੱਚ ਹੈ। – ਕਾਲੂ ਸਿੰਘ ਆਪਣੀ ਗੱਲ ਤੇ ਖੂਬ ਜੋਰ ਦੇ ਕੇ ਬੋਲਿਆ।

–ਕਦੇ ਨਹੀਂ, ਸਾਹਮਣੇ ਰੁੱਖ ਦੇ ਪੱਤੇ ਹਿਲ ਰਹੇ ਹੈ ਨਾ। ਉਹਨਾਂ ਨੂੰ ਹਿਲਣ ਤੋਂ ਤੂੰ ਰੋਕੇਂ ਤਾਂ ਵੇਖਾਂ। ਹੁਣੇ ਤੇਰੀ ਤਾਕਤ ਦਾ ਅੰਦਾਜ਼ਾ ਸਾਨੂੰ ਵੀ ਮਿਲ ਜਾਏਗਾ। – ਮਹਾਂਰਿਸ਼ੀ ਨੇ ਸਾਫ਼ ਕਿਹਾ।

– ਮੇਰੇ ਕਹਿਣ ਦਾ ਮਤਲਬ ਤੂੰ ਨਹੀਂ ਸਮਝਿਆ ਮਹਾਂਰਿਸ਼ੀ।– ਡਾਕੂ ਕਾਲੂ ਸਿੰਘ ਗਰਜਿਆ।

– ਖੂਬ ਸਮਝਿਆ ਹੈ, ਨਾਸਮਝ ਤੂੰ ਹੈ। ਲੋੜ ਹੈ ਤੈਨੂੰ ਸਮਝਣ ਦੀ, ਸਾਨੂੰ ਨਹੀਂ। ਉਧਰ ਵੇਖੋ ਰੁੱਖ ਦੇ ਪੱਤੇ ਹੁਣ ਨਹੀਂ ਹਿਲ ਰਹੇ ਹਨ, ਤੂੰ ਆਪਣੀ ਤਾਕਤ ਲਗਾ ਕੇ ਉਹਨਾਂ ਨੂੰ ਹਿਲਾਉਣ ਦੀ ਕੋਸ਼ਿਸ਼ ਕਰ, ਪੱਤੇ ਨਹੀਂ ਹਿਲਣਗੇ।

ਕਾਲੂ ਸਿੰਘ ਨੂੰ ਮਹਾਂਰਿਸ਼ੀ ਦੀ ਗੱਲ ਅਟਪਟੀ ਲੱਗੀ।

ਉਹ ਅਗੇ ਵਧਿਆ। ਰੁੱਖ ਦੇ ਨੇੜੇ ਗਿਆ। ਉਸ ਨੇ ਰੁੱਖ ਦੀ ਟਹਿਣੀ ਨੂੰ ਚੰਗੀ ਤਰ੍ਹਾਂ ਹਿਲਾ ਕੇ ਪੱਤੇ ਹਿਲਾਉਣ ਦੀ ਭਰਪੂਰ ਕੋਸ਼ਿਸ਼ ਕੀਤੀ ਪਰ ਉਹ ਰੁੱਖ ਦੀ ਟਹਿਣੀ ਨੂੰ ਹਿਲਾ ਨਹੀਂ ਸਕਿਆ। ਇਕ ਵੀ ਪੱਤਾ ਨਹੀਂ ਹਿਲਿਆ। ਕਾਲੂ ਸਿੰਘ ਥਕ ਕੇ ਪਸੀਨੇ ਨਾਲ ਨਹਾ ਉਠਿਆ।

– ਹੁਣ ਪੱਤੇ ਹਿਲਣਗੇ। – ਮਹਾਂਰਿਸ਼ੀ ਨੇ ਕਿਹਾ ਤਾਂ ਰੁੱਖ ਦੇ ਪੱਤ ਹਿੱਲਣ ਲੱਗੇ।

ਡਾਕੂ ਕਾਲੂ ਸਿੰਘ ਨੂੰ ਮਹਾਂਰਿਸ਼ੀ ਨੇ ਕਈ ਵਾਰ ਇਹ ਕ੍ਰਿਸ਼ਮਾ ਦਿਖਾਇਆ ਕਿ ਉਹ ਜੋ ਬੋਲਦੇ ਸਨ, ਸਾਹਮਣੇ ਰੁੱਖ ਦੇ ਪੱਤੇ ਉਹਨਾਂ ਦੀ ਆਗਿਆ ਦਾ ਪਾਲਣ ਕਰਦੇ ਸਨ। ਕਾਲੂ ਸਿੰਘ ਨੂੰ ਮਹਾਂਰਿਸ਼ੀ ਦੀ ਦੈਵੀ ਸ਼ਕਤੀ ਦੀ ਝਲਕ ਮਿਲ ਗਈ। ਉਹ ਝਟ ਮਹਾਂਰਿਸ਼ੀ ਦੇ ਪੈਰਾਂ ਵਿੱਚ ਡਿਗ ਪਿਆ ਅਤੇ ਫੁੱਟ-ਫੁੱਟ ਕੇ ਰੋਣ ਲੱਗਾ।

ਮਹਾਂਰਿਸ਼ੀ ਨੇ ਉਹਨੂੰ ਉਠਾਇਆ ਅਤੇ ਫਿਰ ਪੁੱਛਿਆ। – ਰੋਂਦੇ ਕਿਉਂ ਹੋ?

– ਮੈਂ ਜੀਵਨ ਵਿਚ ਬਹੁਤ ਕੁਕਰਮ ਕੀਤੇ ਹਨ ਰਿਸ਼ੀਵਰ! ਹੁਣ ਆਪ ਹੀ ਮੇਰਾ ਕਲਿਆਣ ਕਰ ਸਕਦੇ ਹੋ। ਮੈਂ ਆਪ ਦੀ ਸ਼ਰਣ ਵਿੱਚ ਹਾਂ। – ਕਾਲੂ ਸਿੰਘ ਨਿਮਰਤਾ ਪੂਰਵਕ ਬੋਲਿਆ।


ਮਹਾਂਰਿਸ਼ੀ ਨੇ ਉਹਨੂੰ ਸਮਝਾਇਆ। – ਕਾਲੂ ਸਿੰਘ, ਯਾਦ ਰੱਖੋ, ਸਰੀਰਕ ਤਾਕਤ ਦੇ ਦੁਰਉਪਯੋਗ ਨਾਲ ਤਾਕਤ ਕਦੇ ਵਧਦੀ ਨਹੀਂ ਹੈ ਬਲਕਿ ਘਟਦੀ ਹੀ ਹੈ। ਅੱਜ ਤਕ ਤੂੰ ਕੇਵਲ ਤਾਕਤ ਦਾ ਦੁਰਉਪਯੋਗ ਹੀ ਕੀਤਾ ਹੈ। ਆਪਣਾ ਕਲਿਆਣ ਚਾਹੁੰਦੇ ਹੋ ਤਾਂ ਇਕ ਕੰਮ ਕਰੋ।


– ਦੱਸੋ!

– ਅੱਜ ਤੋਂ ਆਪਣੀ ਤਾਕਤ ਦਾ ਸਦਉਪਯੋਗ ਕਰਨਾ ਸਿਖੋ। ਪਰਉਪਕਾਰ ਦੇ ਕੰਮਾਂ ਵਿੱਚ ਆਪਣੇ ਆਪ ਨੂੰ ਲਗਾਉ। ਤੇਰੇ ਅੱਜ ਤਕ ਦੇ ਕੁਕਰਮਾਂ ਦਾ ਇਹੀ ਸਹੀ ਪਛਤਾਵਾ ਹੈ।

– ਮਹਾਂਰਿਸ਼ੀ ਨੇ ਆਪਣੀ ਗੱਲ ਪੂਰੀ ਕੀਤੀ।

– ਇੰਝ ਹੀ ਕਰਾਂਗਾ। – ਕਹਿ ਕੇ ਡਾਕੂ ਕਾਲੂ ਸਿੰਘ ਉਥੋਂ ਚਲ ਪਿਆ।





ਬਾਲ ਕਹਾਣੀ : 'ਰਜਨੀਸ਼'

# ਛੋਟੀ ਜਿਹੀ ਗੱਲ

ਆਸਮਾਨ ਵਿੱਚ ਬੱਦਲ ਛਾਏ ਹੋਣ ਕਾਰਣ ਉਸ ਸਮੇਂ ਕਾਫੀ ਹਨ੍ਹੇਰਾ ਹੋ ਗਿਆ ਸੀ। ਹਾਂਲਾਂਕਿ ਅਜੇ ਸਾਢੇ ਚਾਰ ਵਜੇ ਦਾ ਸਮਾਂ ਹੀ ਹੋਇਆ ਹੋਏਗਾ, ਲੇਕਿਨ ਇਸ ਦੇ ਬਾਵਜੂਦ ਲਗ ਰਿਹਾ ਸੀ, ਜਿਵੇਂ ਸ਼ਾਮ ਦੇ ਸੱਤ ਵੱਜ ਰਹੇ ਹੋਣ। ਉਧਰ ਸਲਿਲ ਤੇ ਇਸ ਦਾ ਕੋਈ ਪ੍ਰਭਾਵ ਨਹੀਂ ਪਿਆ। ਉਹ ਚੁਪਚਾਪ ਜੰਗਲ ਵਿੱਚ ਇਧਰ-ਉਧਰ ਟਹਿਲਦਾ ਰਿਹਾ। ਉਸ ਸਮੇਂ ਵੀ ਉਸ ਦੇ ਗਲੇ ਵਿੱਚ ਇਕ ਗੁਲੇਲ ਅਤੇ ਹੱਥ ਵਿੱਚ ਇਕ ਛੜੀ ਸੀ। ਉਸ ਦੀਆਂ ਨਜ਼ਰਾਂ ਸਾਵਧਾਨੀਪੂਰਵਕ ਇਧਰ-ਉਧਰ ਨੱਚ ਰਹੀਆਂ ਸਨ। ਉਸ ਨੂੰ ਭਾਲ ਸੀ ਕਿਸੇ ਮਾਸੂਮ ਜੀਵ ਦੀ, ਜਿਸ ਨੂੰ ਸਲਿਲ ਆਪਣਾ ਨਿਸ਼ਾਨਾ ਬਣਾ ਸਕੇ। ਨੰਨੇ ਜੀਵਾਂ ਤੇ ਆਪਣੀ ਗੁਲੇਲ ਦਾ ਨਿਸ਼ਾਨਾ ਲਗਾ ਕੇ ਸਲਿਲ ਨੂੰ ਬੜਾ ਮਜਾ ਆਉਂਦਾ। ਜਦ ਉਹ ਜੀਵ ਗੁਲੇਲ ਦੇ ਨਿਸ਼ਾਨੇ ਨਾਲ ਤੜਪ ਉਠਦਾ, ਸਲਿਲ ਖੁਸ਼ੀ ਨਾਲ ਨੱਚ ਉਠਦਾ। ਉਸ ਸਮੇਂ ਉਸ ਦੀ ਖੁਸ਼ੀ ਦੀ ਕੋਈ ਹੱਦ ਨਾ ਰਹਿੰਦੀ।

ਅਚਾਨਕ ਸਲਿਲ ਨੂੰ ਲੱਗਿਆ ਕਿ ਉਸ ਦੇ ਪਿਛੇ ਕੋਈ ਆ ਰਿਹਾ ਹੈ। ਉਸ ਨੇ ਪਿਛੇ ਮੁੜ ਕੇ ਵੇਖਿਆ। ਵੇਖਦਿਆਂ ਹੀ ਉਸ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ ਅਤੇ ਉਹ ਇਕਦਮ ਚਿਲਾ ਉਠਿਆ। ਉਸ ਨੇ ਉਥੋਂ ਭੱਜਣਾ ਚਾਹਿਆ ਲੇਕਿਨ ਪੈਰਾਂ ਨੇ ਉਸ ਦਾ ਸਾਥ ਛੱਡ ਦਿੱਤਾ। ਵੇਖਦੇ ਹੀ ਵੇਖਦੇ ਦੋਵੇਂ ਚਿੰਪਾਂਜੀ ਉਸ ਦੇ ਕੋਲ ਆ ਗਏ। ਉਹਨਾਂ ਨੇ ਉਸ ਨੂੰ ਆਪਣੇ ਹੱਥਾਂ ਵਿੱਚ ਟੰਗ ਲਿਆ ਅਤੇ ਤੇਜ਼ੀ ਨਾਲ ਇਕ ਪਾਸੇ ਚਲ ਪਏ।

ਕੁਝ ਹੀ ਪਲਾਂ ਵਿੱਚ ਸਲਿਲ ਨੇ ਆਪਣੇ ਆਪ ਨੂੰ ਇਕ ਵੱਡੇ ਸਾਰੇ ਚਬੂਤਰੇ ਦੇ ਸਾਹਮਣੇ ਪਾਇਆ। ਚਬੂਤਰੇ ਤੇ ਜੰਗਲ ਦਾ ਰਾਜਾ ਸ਼ੇਰ ਬਿਰਾਜਮਾਨ ਸੀ ਅਤੇ ਉਸ ਦੇ ਸਾਹਮਣੇ ਜੰਗਲ ਦੇ ਤਮਾਮ ਜਾਨਵਰ ਲਾਇਨ ਵਿੱਚ ਬੈਠੇ ਹੋਏ ਸਨ।

ਸਲਿਲ ਨੂੰ ਜ਼ਮੀਨ ਤੇ ਪਟਕਦੇ ਹੋਏ ਇਕ ਚਿੰਪਾਂਜੀ ਨੇ ਰਾਜਾ ਨੂੰ ਸੰਬੋਧਿਤ ਕਰਕੇ ਕਿਹਾ- ਸਵਾਮੀ , ਇਹੀ ਹੈ ਉਹ ਦੁਸ਼ਟ ਬਾਲਕ, ਜੋ ਜੀਵਾਂ ਨੂੰ ਆਪਣੀ ਗੁਲੇਲ ਨਾਲ ਸਤਾਉਂਦਾ ਰਹਿੰਦਾ ਹੈ।

ਸ਼ੇਰ ਨੇ ਸਲਿਲ ਵੱਲ ਘੂਰ ਕੇ ਵੇਖਿਆ।- ਕਿਉਂ ਮਾਨਵ ਪੁੱਤਰ! ਤੂੰ ਇੰਝ ਕਿਉਂ ਕਰਦਾ ਹੈ?

ਸਲਿਲ ਨੇ ਬੋਲਣਾ ਚਾਹਿਆ, ਲੇਕਿਨ ਉਸ ਦੀ ਜਬਾਨ ਤੋਂ ਕੋਈ ਸ਼ਬਦ ਨਾ ਫੁੱਟੇ। ਅੰਤ ਉਹ ਮਨ ਹੀ

ਮਨ ਬੁੜਬੁੜਾਣ ਲੱਗਾ। - ਕਿਉਂਕਿ ਮੈਂ ਜਾਨਵਰਾਂ ਤੋਂ ਸ੍ਰੇਸ਼ਠ ਹਾਂ।

-ਵੇਖਿਆ ਆਪ ਨੇ ਸਵਾਮੀ? - ਇਸ ਵਾਰ ਚੀਤਾ ਬੋਲਿਆ- ਕਿੰਨਾ ਘਮੰਡ ਹੈ ਇਹਨੂੰ ਆਪਣੇ ਮਨੁੱਖ ਹੋਣ ਦਾ। ਆਪ ਕਹੋ ਤਾਂ ਮੈਂ ਹੁਣੇ ਇਸ ਦਾ ਸਾਰਾ ਘਮੰਡ ਕੱਢ ਦੇਵਾਂ। -ਕਹਿੰਦੇ ਹੋਏ ਉਹ ਆਪਣੇ ਸੱਜੇ ਪੰਜੇ ਨਾਲ ਜ਼ਮੀਨ ਖਰੋਚਣ ਲਗਾ।

ਸਲਿਲ ਹੈਰਾਨ ਕਿ ਭਲਾ ਇਹਨਾਂ ਲੋਕਾਂ ਨੂੰ ਮੇਰੇ ਮਨ ਦੀ ਗੱਲ ਕਿਵੇਂ ਪਤਾ ਚਲ ਗਈ? ਲੇਕਿਨ ਚੀਤੇ ਦੀ ਗੱਲ ਸੁਣ ਕੇ ਉਹ ਵੀ ਕਿਥੇ ਚੁਪ ਰਹਿਣ ਵਾਲਾ ਸੀ। ਪੂਰੀ ਤਾਕਤ ਲਗਾ ਕੇ ਉਹ ਇਸ ਵਾਰ ਬੋਲ ਹੀ ਪਿਆ।


- ਹਾਂ, ਮਨੁੱਖ ਸਾਰੇ ਜੀਵਾਂ ਤੋਂ ਸ੍ਰੇਸ਼ਠ ਹੈ, ਮਹਾਨ ਹੈ ਅਤੇ ਇਹ ਕੁਦਰਤ ਦਾ ਨਿਯਮ ਹੈ ਕਿ ਵੱਡੇ ਲੋਕ ਹਮੇਸ਼ਾਂ ਛੋਟਿਆਂ ਨੂੰ ਆਪਣੇ ਢੰਗ ਨਾਲ ਚਲਾਉਂਦੇ ਹਨ।

ਤਦੇ ਆਸਟ੍ਰੇਲੀਅਨ ਪੰਛੀ 'ਨਾਈਜੀ ਸਕ੍ਰਬ' ਜਿਸ ਦੀ ਸ਼ਕਲ ਕੋਇਲ ਨਾਲ ਮਿਲਦੀ-ਜੁਲਦੀ ਹੈ, ਉਡਦਾ ਹੋਇਆ ਉਥੇ ਆਇਆ ਅਤੇ ਸਲਿਲ ਨੂੰ ਡਾਂਟ ਕੇ ਬੋਲਿਆ- ਬਹੁਤ ਨਾਜ ਹੈ ਤੈਨੂੰ ਆਪਣੀ ਆਵਾਜ਼ ਤੇ ਕਿਉਂਕਿ ਬਾਕੀ ਜੀਵ ਤੇਰੀ ਤਰ੍ਹਾਂ ਬੋਲ ਨਹੀਂ ਸਕਦੇ। ਪਰ ਐਨਾ ਜਾਣ ਲੈ ਕਿ ਸਾਰੇ ਸੰਸਾਰ ਵਿੱਚ ਮੇਰੀ ਆਵਾਜ਼ ਦਾ ਕੋਈ ਮੁਕਾਬਲਾ ਨਹੀਂ। ਦੁਨੀਆਂ ਦੀ ਕਿਸੇ ਵੀ ਆਵਾਜ਼ ਦੀ ਨਕਲ ਕਰ ਸਕਦੀ ਹਾਂ ਮੈਂ... ਕੀ ਤੂੰ ਇੰਝ ਕਰ ਸਕਦਾ ਹੈਂ?

ਸਲਿਲ ਦੀ ਗਰਦਨ ਸ਼ਰਮ ਨਾਲ ਝੁਕ ਗਈ ਅਤੇ ਨਾਈਜੀ ਸਕ੍ਰਬ ਆਪਣੇ ਸਥਾਨ ਤੇ ਜਾ ਬੈਠੀ।

ਸਲਿਲ ਦੇ ਕੋਲ ਇਕ ਰੁੱਖ ਦੀ ਟਹਿਣੀ ਤੋਂ ਆਪਣੇ ਜਾਲ ਦੇ ਸਹਾਰੇ ਉਤਰ ਕੇ ਮੱਕੜੀ ਸਲਿਲ ਦੇ ਸਾਹਮਣੇ ਆ ਗਈ ਅਤੇ ਫਿਰ ਸਲਿਲ ਦੀ ਸ਼ਰਟ ਤੇ ਛਾਲ ਮਾਰਦੀ ਹੋਈ ਬੋਲੀ- ਵੇਖਣ ਵਿੱਚ ਛੋਟੀ ਜ਼ਰੂਰ ਹਾਂ, ਪਰ ਆਪਣੀ ਲੰਬਾਈ ਦੀ ਚਾਲੀਸ ਗੁਣਾ ਦੂਰੀ ਕੁੱਦ ਸਕਦੀ ਹਾਂ ਅਤੇ ਆਪਣੇ ਸਰੀਰ ਤੋਂ 150 ਗੁਣਾ ਵਜਨ ਉਠਾ ਸਕਦੀ ਹਾਂ। ਬੋਲ, ਕੀ ਤੂੰ ਅਜਿਹਾ ਕਰ ਸਕਦਾ ਹੈਂ?

ਤਦੇ ਡੱਡੂ ਵਾਂਗ ਉਛਲਦਾ ਹੋਇਆ ਪਿੱਸੂ ਉਥੇ ਆ ਧਮਕਿਆ ਅਤੇ ਬੋਲਿਆ- ਪਹਿਚਾਣਿਆ ਮੈਨੂੰ? ਪਿੱਸੂ ਹਾਂ, ਪਿੱਸੂ। ਤੁਹਾਡੇ ਲੋਕਾਂ ਦੁਆਰਾ ਫੈਲਾਈ ਹੋਈ ਗੰਦਗੀ ਵਿੱਚ ਫਲਦਾ-ਫੁਲਦਾ ਹਾਂ। ਮਗਰ ਐਨਾ ਧਿਆਨ ਰੱਖੇ ਕਿ ਮੈਂ ਆਪਣੇ ਸਰੀਰ ਦੀ ਲੰਬਾਈ ਤੋਂ 120 ਗੁਣਾ ਲੰਮੀ ਛਾਲ ਮਾਰ ਸਕਦਾ ਹਾਂ। ਕੀ ਤੂੰ ਮੇਰਾ ਮੁਕਾਬਲਾ ਕਰ ਸਕਦਾ ਹੈਂ? ਕਦੇ ਨਹੀਂ। ਤੇਰੇ ਅੰਦਰ ਇਹ ਤਾਕਤ ਨਹੀਂ ਪਰ, 120 ਗੁਣਾ ਘਮੰਡ ਜ਼ਰੂਰ ਹੈ। ਕਿਉਂ? - ਕਹਿੰਦੇ ਹੋਏ ਉਸ ਨੇ ਦੂਸਰੇ ਪਾਸੇ ਛਾਲ ਮਾਰ ਦਿੱਤੀ।



ਤਦੇ ਗੁਰਗੂੰ ਕਰਦਾ ਹੋਇਆ ਇਕ ਕਬੂਤਰ ਸਲਿਲ ਦੇ ਮੋਢੇ ਤੇ ਆ ਬੈਠਾ ਅਤੇ ਆਪਣੀ ਗਰਦਨ ਨੂੰ ਹਿਲਾਉਂਦਾ ਹੋਇਆ ਬੋਲਿਆ- ਮੇਰੀ ਯਾਦਾਸ਼ਤ ਨਾਲ ਤੂੰ ਲੋਹਾ ਨਹੀਂ ਲੈ ਸਕਦਾ। ਦੁਨੀਆ ਦੇ ਕਿਸੇ ਵੀ ਕੋਨੇ ਵਿੱਚ ਮੈਨੂੰ ਲਿਜਾ ਕੇ ਛੱਡ ਦੇ, ਮੈਂ ਵਾਪਸ ਆਪਣੇ ਸਥਾਨ ਤੇ ਆ ਸਕਦਾ ਹਾਂ।

ਸਲਿਲ ਸੋਚ ਵਿੱਚ ਪੈ ਗਿਆ ਅਤੇ ਸਿਰ ਨੀਵਾਂ ਕਰਕੇ ਆਪਣਾ ਪੈਰ ਜ਼ਮੀਨ ਤੇ ਰਗੜਨ ਲੱਗਾ।

-ਮੈਂ ਹਾਂ ਗਰਨਾਈ ਮੱਛੀ। ਜਲ, ਥਲ, ਨਭ ਤਿੰਨੋ ਜਗ੍ਹਾ ਤੇ ਮੇਰਾ ਰਾਜ ਹੈ। ਇਹ ਬੋਲ ਰੁੱਖ ਤੇ ਬੈਠੀ ਇਕ ਮੱਛੀ ਦੇ ਸਨ। -ਪਾਣੀ ਵਿੱਚ ਤੈਰਦੀ ਹਾਂ, ਆਸਮਾਨ ਵਿੱਚ ਉਡਦੀ ਹਾਂ ਅਤੇ ਜ਼ਮੀਨ ਤੇ ਚਲਦੀ ਹਾਂ। ਚੰਗਾ, ਮੇਰੇ ਨਾਲ ਮੁਕਾਬਲਾ ਕਰੋਗੇ?

ਤਦੇ ਉਸ ਦੇ ਕਪੜਿਆਂ ਤੋਂ ਨਿਕਲ ਕੇ ਇਕ ਖਟਮਲ ਬਾਹਰ ਆਇਆ ਅਤੇ ਹੌਲੀ ਸੁਰ ਵਿੱਚ ਬੋਲਿਆ- ਸਹਿਨਸ਼ਕਤੀ ਵਿੱਚ ਮੇਰਾ ਜਵਾਬ ਨਹੀਂ। ਅਗਰ ਇਕ ਸਾਲ ਵੀ ਮੈਨੂੰ ਭੋਜਨ ਨਾ ਮਿਲੇ, ਤਾਂ ਹਵਾ ਖਾ ਕੇ ਜੀਵਿਤ ਰਹਿ ਸਕਦਾ ਹਾਂ। ਤੇਰੇ ਵਾਂਗ ਨਹੀਂ ਕਿ ਇਕ ਵਕਤ ਖਾਣਾ ਨਾ ਮਿਲੇ, ਤਾਂ ਆਸਮਾਨ ਸਿਰ ਤੇ ਉਠਾ ਲਿਆ।

ਖਟਮਲ ਦੇ ਚੁਪ ਹੁੰਦੇ ਹੀ ਏਲਸੇਸ਼ਿਅਨ ਨਸਲ ਦਾ ਕੁੱਤਾ ਸਾਹਮਣੇ ਆ ਪਹੁੰਚਾ ਅਤੇ ਭੌਂਕਦੇ ਹੋਏ ਬੋਲਿਆ- ਸਵਾਮੀਭਗਤੀ ਵਿੱਚ ਮਨੁੱਖ ਮੇਰੇ ਤੋਂ ਬਹੁਤ ਪਿਛੇ ਹੈ ਅਤੇ ਐਨਾ ਹੋਰ ਜਾਣ ਲਉ ਕਿ ਮੇਰੀ ਸੁੰਘਣ ਦੀ ਸ਼ਕਤੀ ਵੀ ਤੇਰੇ ਤੋਂ ਦਸ ਲੱਖ ਗੁਣਾਂ ਬਿਹਤਰ ਹੈ।

ਪੱਤਾ ਖਟਕਣ ਦੀ ਆਵਾਜ਼ ਸੁਣ ਕੇ ਸਲਿਲ ਚੌਂਕਿਆ ਅਤੇ ਉਸ ਨੇ ਮੁੜ ਕੇ ਪਿਛੇ ਵੇਖਿਆ। ਉਥੇ 'ਬਾਰਨ ਆਉਲ' ਪ੍ਰਜਾਤੀ ਦਾ ਇਕ ਉਲੂ ਬੈਠਾ ਹੋਇਆ ਸੀ। ਘੂਰ ਕੇ ਬੋਲਿਆ- ਇਸ ਤਰ੍ਹਾਂ ਨਾ ਵੇਖੋ ਘਮੰਡੀ ਲੜਕੇ, ਮੈਂ ਤੇਰੇ ਤੋਂ ਸੌ ਗੁਣਾ ਬਿਹਤਰ ਵੇਖ ਸਕਦਾ ਹਾਂ ਸਮਝੇ?

ਸਲਿਲ ਹੁਣ ਤਕ ਜਿਨ੍ਹਾਂ ਨੂੰ ਤੁਛ ਸਮਝ ਰਿਹਾ ਸੀ, ਉਹਨਾਂ ਦੇ ਅਗੇ ਅਪਮਾਨਿਤ ਹੋ ਰਿਹਾ ਸੀ। ਬਾਕੀ ਜੀਵਾਂ ਦੀਆਂ ਖੂਬੀਆਂ ਅਗੇ ਉਹ ਖੁਦ ਨੂੰ ਤੁਛ ਅਨੁਭਵ ਕਰਨ ਲਗਾ ਸੀ। ਇਸ ਤੋਂ ਪਹਿਲਾਂ ਕਿ ਉਹ ਕੁਝ ਕਹਿੰਦਾ ਜਾਂ ਕਰਦਾ, ਦੌੜਦਾ ਹੋਇਆ ਇਕ ਗਿਰਗਿਟ ਉਥੇ ਆ ਪਹੁੰਚਿਆ ਅਤੇ ਆਪਣੀ ਗਰਦਨ ਉਠਾਂਦੇ ਹੋਏ ਬੋਲਿਆ- ਰੰਗ ਬਦਲਣ ਦੀ ਮੇਰੀ ਵਿਸ਼ੇਸ਼ਤਾ ਤਾਂ ਤੂੰ ਪੜੀ ਹੋਏਗੀ, ਪਰ ਐਨਾ ਹੋਰ ਜਾਣ ਲਉ ਕਿ ਮੈਂ ਆਪਣੀਆਂ ਅੱਖਾਂ ਨਾਲ ਇਕ ਹੀ ਸਮੇਂ ਵਿੱਚ ਅਲੱਗ-ਅਲੱਗ ਦਿਸ਼ਾਵਾਂ ਵਿੱਚ ਇੱਕਠੇ ਵੇਖ ਸਕਦਾ ਹਾਂ, ਪਰ ਤੂੰ ਅਜਿਹਾ ਨਹੀਂ ਕਰ ਸਕਦਾ।

ਦੋਵਾਂ ਚਿੰਪਾਂਜੀਆਂ ਦੇ ਵਿਚਕਾਰ ਖੜਾ ਸਲਿਲ ਚੁਪਚਾਪ ਸਭ ਕੁਝ ਸੁਣਦਾ ਰਿਹਾ। ਭਲਾ ਉਹ ਜਵਾਬ ਦਿੰਦਾ ਵੀ ਤਾਂ ਕੀ? ਉਸ ਵਿੱਚ ਕੋਈ ਅਜਿਹੀ ਖੂਬੀ ਸੀ ਵੀ ਤਾਂ ਨਹੀਂ, ਜਿਸ ਨੂੰ ਉਹ ਬਿਆਨ ਕਰਦਾ। ਉਹ ਤਾਂ ਸਿਰਫ ਦੂਸਰਿਆਂ ਨੂੰ ਸਤਾਉਣ ਵਿੱਚ ਹੀ ਹੁਣ ਤਕ ਅਗੇ ਰਿਹਾ ਸੀ।

ਤਦੇ ਚੀਤੇ ਦੀ ਆਵਾਜ਼ ਸੁਣ ਕੇ ਸਲਿਲ ਚੌਂਕਿਆ। ਉਹ ਕਹਿ ਰਿਹਾ ਸੀ- ਖਬਰਦਾਰ, ਭੱਜਣ ਦੀ ਕੋਸ਼ਿਸ਼ ਨਾ ਕਰਨਾ ਕਿਉਂਕਿ ਮੇਰੀ 100 ਕਿਲੋਮੀ: ਪ੍ਰਤੀ ਘੰਟੇ ਦੀ ਰਫਤਾਰ ਦੇ ਅਗੇ ਤੂੰ ਜਾ ਨਹੀਂ ਸਕੇਗਾ। ਉਂਝ ਵੀ ਤੇਰੀ ਔਕਾਤ ਹੀ ਕੀ, ਜੋ ਤੂੰ ਸਾਡਾ ਮੁਕਾਬਲਾ ਕਰੇ?

-ਕਿਉਂ ਨਹੀਂ ਹੈ ਔਕਾਤ? ਚੀਤੇ ਦੀ ਗੱਲ ਸੁਣ ਕੇ ਸਲਿਲ ਆਪਣਾ ਆਪਾ ਗਵਾ ਬੈਠਾ ਅਤੇ ਜ਼ੋਰ ਨਾਲ ਬੋਲਿਆ- ਮੈਂ ਤੁਹਾਡੇ ਸਾਰਿਆਂ ਤੋਂ ਸ੍ਰੇਸ਼ਠ ਹਾਂ ਕਿਉਂਕਿ ਮੇਰੇ ਕੋਲ ਅਕਲ ਹੈ ਅਤੇ ਉਹ ਤੁਹਾਡੇ ਵਿਚੋਂ ਕਿਸੇ ਕੋਲ ਵੀ ਨਹੀਂ।

ਸਲਿਲ ਦੀ ਗੱਲ ਸੁਣ ਕੇ ਸਾਹਮਣੇ ਦੇ ਰੁੱਖ ਦੀ ਟਹਿਣੀ ਨਾਲ ਲਟਕ ਰਿਹਾ ਚਮਗਾਦੜ ਆਪਣੀ ਜਗ੍ਹਾ ਤੋਂ ਬੁੜਬੁੜਾਇਆ, 'ਬੜਾ ਘਮੰਡ ਹੈ ਤੈਨੂੰ ਆਪਣੀ ਅਕਲ ਤੇ ਨਕਲਚੀ ਮਨੁੱਖ। ਤੁਸੀਂ ਹਮੇਸ਼ਾਂ ਸਾਡੇ ਜੀਵਾਂ ਦੀ ਨਕਲ ਕਰਨ ਦੀ ਕੋਸ਼ਿਸ਼ ਕੀਤੀ ਹੈ। ਤਦ ਤੁਹਾਨੂੰ ਪਤਾ ਲੱਗਾ ਕਿ ਮੈਂ ਇਕ ਵਿਸ਼ੇਸ਼ ਪ੍ਰਕਾਰ ਦੀਆਂ ਅਲਟ੍ਰਾਸਾਊਂਡ ਤਰੰਗਾਂ ਛੱਡਦਾ ਹਾਂ, ਜੋ ਸਾਹਮਣੇ ਪੈਣ ਵਾਲੀ ਕਿਸੇ ਵੀ ਚੀਜ਼ ਨਾਲ ਟਕਰਾ ਕੇ ਵਾਪਸ ਮੇਰੇ ਕੋਲ ਆ ਜਾਂਦੀਆਂ ਹਨ ਜਿਸ ਨਾਲ ਮੈਨੂੰ ਦਿਸ਼ਾ ਦਾ ਗਿਆਨ ਹੁੰਦਾ ਹੈ ਤਾਂ ਮੇਰੀ ਇਸ ਵਿਸ਼ੇਸ਼ਤਾ ਨੂੰ ਚੁਰਾ ਕੇ ਤੁਸੀਂ ਰਾਡਾਰ ਬਣਾ ਲਿਆ ਅਤੇ ਆਪਣੇ ਆਪ ਨੂੰ ਬੜਾ ਬੁੱਧੀਮਾਨ ਸਮਝਣ ਲੱਗੇ?'

– ਬਹੁਤ ਬੁੱਧੀਮਾਨ ਸਮਝਦੇ ਹੋ ਨਾ ਆਪਣੇ ਆਪ ਨੂੰ?- ਇਸ ਵਾਰ ਮਕੜੀ ਬੋਲੀ- ਅਜਿਹੀ ਗੱਲ ਹੈ ਤਾਂ ਫਿਰ ਮੇਰੇ ਜਾਲ ਜਿੰਨਾ ਮਹੀਨ ਅਤੇ ਮਜ਼ਬੂਤ ਤਾਰ ਬਣਾ



ਕੇ ਵਿਖਾਉ। ਨਹੀਂ ਬਣਾ ਸਕਦੇ ਤੁਸੀਂ ਐਨਾ ਮਹੀਨ ਅਤੇ ਮਜ਼ਬੂਤ ਤਾਰ। ਇਸਪਾਤ ਦੇ ਦੁਆਰਾ ਬਣਾਇਆ ਗਿਆ ਐਨਾ ਹੀ ਮਹੀਨ ਤਾਰ ਮੇਰੇ ਜਾਲ ਤੋਂ ਕਿਤੇ ਕਮਜ਼ੋਰ ਹੋਏਗਾ ਅਤੇ ਤੁਹਾਡੇ ਆਮ ਗਿਆਨ ਵਿੱਚ ਵਾਧੇ ਲਈ ਇਕ ਹੋਰ ਗੱਲ ਦੱਸ ਦੇਵਾਂ ਕਿ ਅਗਰ ਮੇਰਾ ਇਕ ਪੌਂਡ ਵਜਨ ਦਾ ਜਾਲ ਲਿਆ ਜਾਏ ਤਾਂ ਉਹਨੂੰ ਪੂਰੀ ਪ੍ਰਿਥਵੀ ਦੇ ਚਾਰੇ ਪਾਸੇ ਸੱਤ ਵਾਰ ਲਪੇਟਾ ਜਾ ਸਕਦਾ ਹੈ।

ਇਕ ਪਲ ਲਈ ਉਥੇ ਸਨਾਟਾ ਛਾ ਗਿਆ। ਸਨਾਟੇ ਨੂੰ ਤੋੜਦੇ ਹੋਏ ਸ਼ੇਰ ਨੇ ਗੱਲ ਅਗੇ ਵਧਾਈ। - ਹੁਣ ਤਾਂ ਤੈਨੂੰ ਪਤਾ ਲਗ ਗਿਆ ਹੋਏਗਾ ਨਾਦਾਨ ਮਨੁੱਖ ਕਿ ਤੂੰ ਇਹਨਾਂ ਜੀਵ ਜੰਤੂਆਂ ਤੋਂ ਕਿੰਨਾ ਮਹਾਨ ਹੈ? ਹੁਣ ਤੂੰ ਜਰਾ ਆਪਣੀ ਘਮੰਡ ਦੀ ਚਿਮਨੀ ਤੋਂ ਉਤਰਨ ਦੀ ਕੋਸ਼ਿਸ਼ ਕਰ ਅਤੇ ਹਮੇਸ਼ਾਂ ਇਸ ਗੱਲ ਦਾ ਧਿਆਨ ਰੱਖ ਕਿ ਸਾਰੇ ਜੀਵਾਂ ਵਿੱਚ ਕੁਝ ਨਾ ਕੁਝ ਮੌਲਿਕ ਵਿਸ਼ੇਸ਼ਤਾਵਾਂ ਪਾਈਆਂ ਜਾਂਦੀਆਂ ਹਨ। ਸਾਰੇ ਜੀਵ ਬਰਾਬਰ ਹੁੰਦੇ ਹਨ। ਨਾ ਕੋਈ ਕਿਸੇ ਤੋਂ ਛੋਟਾ ਹੁੰਦਾ ਹੈ ਅਤੇ ਨਾ ਹੀ ਕੋਈ ਕਿਸੇ ਤੋਂ ਵੱਡਾ। ਸਮਝੇ?

- ਲੇਕਿਨ ਇਸ ਦੇ ਬਾਦ ਵੀ ਤੇਰਾ ਸੁਭਾਅ ਅਗਰ ਨਹੀਂ ਬਦਲਿਆ ਅਤੇ ਤੂੰ ਜੀਵ-ਜੰਤੂਆਂ ਨੂੰ ਸਤਾਉਂਦਾ ਰਿਹਾ ਤਾਂ ਤੈਨੂੰ ਇਸ ਦੀ ਕਠੋਰ ਸਜਾ ਮਿਲੇਗੀ। - ਕਹਿੰਦੇ ਹੋਏ ਸ਼ੇਰ ਦੇ ਕੋਲ ਖੜੇ ਹਾਥੀ ਨੇ ਸਲਿਲ ਨੂੰ ਆਪਣੀ ਸੁੰਡ ਵਿੱਚ ਲਪੇਟਿਆ ਅਤੇ ਜ਼ੋਰ ਨਾਲ ਉਪਰ ਵੱਲ ਉਛਾਲ ਦਿੱਤਾ।

ਸਲਿਲ ਨੇ ਡਰ ਕੇ ਆਪਣੀਆਂ ਅੱਖਾਂ ਬੰਦ ਕਰ ਲਈਆਂ। ਲੇਕਿਨ ਜਦ ਉਸ ਨੇ ਵਾਪਸ ਆਪਣੀਆਂ ਅੱਖਾਂ ਖੋਲ੍ਹੀਆਂ ਤਾਂ ਨਾ ਤਾਂ ਉਹ ਜੰਗਲ ਸੀ ਅਤੇ ਨਾ ਹੀ ਉਹ ਜਾਨਵਰ। ਉਹ ਆਪਣੇ ਬਿਸਤਰੇ ਤੇ ਲੇਟਿਆ ਹੋਇਆ ਸੀ।

- ਇਸ ਦਾ ਮਤਲਬ ਹੈ ਕਿ ਮੈਂ ਸੁਪਨਾ.....। ਸਲਿਲ ਮਨ ਹੀ ਮਨ ਬੁੜਬੁੜਾਇਆ। ਉਸ ਨੇ ਆਪਣੀਆਂ ਪਲਕਾਂ ਨੂੰ ਬੰਦ ਕਰ ਲਿਆ ਅਤੇ ਕਰਵਟ ਬਦਲ ਲਈ। ਸਭ ਦੀਆਂ ਕਹੀਆਂ ਹੋਈਆ ਗੱਲਾਂ ਹੁਣ ਵੀ ਉਸ ਦੇ ਕੰਨਾਂ ਵਿੱਚ ਗੂੰਜ ਰਹੀਆਂ ਸਨ।

❑ ਸੁਖਦੇਵ ਗਿੱਲ



# ਨਿੱਕੀ ਜੇਹੀ ਗੁੱਡੀਆ

ਨਿੱਕੀ ਜੇਹੀ ਗੁੱਡੀਆ, ਬਣਾ ਦੇ ਮੇਰੀ ਅੰਮੀਏ।।
ਸੋਹਣੀ ਜੇਹੀ ਫਰਾਕ ਉਹਦੇ, ਪਾ ਦੇ ਮੇਰੀ ਅੰਮੀਏ।

ਚੰਗੀ ਤਰ੍ਹਾਂ ਦੇ ਗੁੱਡੀ ਅੰਮੀਏ ਸ਼ਿੰਗਾਰ ਤੂੰ।।
ਬੂਟ ਤੇ ਜ਼ੁਰਾਬਾਂ ਪਾ ਕੇ, ਕਰ ਦੇ ਤਿਆਰ ਤੂੰ।
ਮੱਥੇ ਉੱਤੇ ਬਿੰਦੀ ਇੱਕ, ਲਾ ਦੇ ਮੇਰੀ ਅੰਮੀਏ।
ਨਿੱਕੀ ਜੇਹੀ ਗੁੱਡੀਆ – – – –

ਊੜੇ ਐੜੇ ਵਾਲਾ ਇੱਕ, ਕੈਦਾ ਵੀ ਲਿਆਂ ਦੇ ਤੂੰ।
ਕਾਪੀ ਪੈਨਸਿਲ ਰਬੜ, ਉਹਦੇ ਬਸਤੇ'ਚ ਪਾ ਦੇ ਤੂੰ।
ਵੀਣੀ ਵਿੱਚ ਲਾਲ ਵੰਗਾਂ, ਪਾ ਦੇ ਮੇਰੀ ਅੰਮੀਏ।
ਨਿੱਕੀ ਜੇਹੀ ਗੁੱਡੀਆ – – – –

ਇਸ ਨੂੰ ਸਕੂਲ ਜਾਣ, ਦਾ ਹੈ ਬੜਾ ਚਾਅ ਨੀ।
ਦੋ ਗੁੱਤਾਂ ਕਰਕੇ, ਰਿਬਨ ਵੀ ਦੇ ਪਾ ਨੀ।
ਟਾਈ-ਛਾਈ ਗਲੇ ਚ, ਲਗਾ ਦੇ ਮੇਰੀ ਅੰਮੀਏ।
ਨਿੱਕੀ ਜੇਹੀ ਗੁੱਡੀਆ – – – –

ਖੂਬ ਲਿਖਣਾ-ਪੜ੍ਹਨਾਂ, ਮੈ ਉਸ ਨੂੰ ਸਿਖਾਵਾਂਗੀ।
ਸਕੂਲ ਜਾਣ ਲੱਗੀ, ਉਹਨੂੰ ਨਾਲ ਲੈ ਕੇ ਜਾਵਾਂਗੀ।
ਅੰਕਲ 'ਤਾਰਬਾਬੂ' ਕੋਲੋਂ, ਗੀਤ ਲਿਖਵਾ ਦੇ ਮੇਰੀ ਅੰਮੀਏ।
ਨਿੱਕੀ ਜੇਹੀ ਗੁੱਡੀਆ – – – –



ਬਾਲ-ਕਹਾਣੀ - ਜਸਵਿੰਦਰ ਸਿੰਘ

# ਕਰੋਧ

ਬਹੁਤ ਪੁਰਾਣੇ ਸਮੇਂ ਦੀ ਗੱਲ ਹੈ। ਇੱਕ ਸ਼ਹਿਰ ਵਿੱਚ ਗਰੀਬ ਬ੍ਰਾਹਮਣ ਰਹਿੰਦਾ ਸੀ।ਉਹ ਬਹੁਤ ਹੀ ਸੂਝਵਾਨ ਸੀ। ਇੱਕ ਦਿਨ ਉਹ ਆਪਣੇ ਘਰ ਬੈਠਾ ਆਪਣੇ ਬੱਚੇ ਨਾਲ ਖੇਡ ਰਿਹਾ ਸੀ। ਉਸਦੀ ਪਤਨੀ ਨਹਾਉਣ ਲਈ ਗਈ ਹੋਈ ਸੀ। ਐਨੇ ਵਿੱਚ ਕੀ ਹੋਇਆ ਕਿ ਸ਼ਹਿਰ ਦੇ ਰਾਜੇ ਦੇ ਦੋ ਸਿਪਾਹੀ ਬ੍ਰਾਹਮਣ ਨੂੰ ਬੁਲਾਉਣ ਲਈ ਆ ਗਏ ਕਿਉਂਕਿ ਰਾਜਾ ਸਾਹਿਬ ਨੇ ਦਾਨ-ਪੁੰਨ ਕਰਨਾ ਸੀ।

ਬ੍ਰਾਹਮਣ ਰਾਜਾ ਸਾਹਿਬ ਦਾ ਹੁਕਮ ਮੰਨਣ ਤੋਂ ਇਨਕਾਰ ਵੀ ਨਹੀਂ ਸੀ ਕਰ ਸਕਦਾ ਕਿਉਂਕਿ ਰਾਜਾ ਸਾਹਿਬ ਨੇ ਤਾਂ ਦਾਨ ਹੀ ਕਰਨਾ ਸੀ। ਬ੍ਰਾਹਮਣ ਸੋਚਣ ਲੱਗਾ ਕਿ ਜੇਕਰ ਮੈਂ ਨਾ ਗਿਆ ਤਾਂ ਰਾਜਾ ਸਾਹਿਬ ਦਾਨ ਕਿਸੇ ਹੋਰ ਬ੍ਰਾਹਮਣ ਨੂੰ ਦੇ ਦੇਣਗੇ ਅਤੇ ਮੇਰੇ ਨਾਲ ਨਾਰਾਜ਼ ਵੀ ਹੋ ਸਕਦੇ ਹਨ। ਬ੍ਰਾਹਮਣ ਆਪਣੇ ਬੱਚੇ ਨੂੰ ਝੋਲੀ ਵਿੱਚ ਪਾ ਕੇ ਰਾਜਾ ਸਾਹਿਬ ਦੇ ਸਿਪਾਹੀਆਂ ਨਾਲ ਤੁਰ ਪਿਆ ਤੇ ਆਪਣੇ ਵਫ਼ਾਦਾਰ ਕੁੱਤੇ ਨੂੰ ਕਹਿਣ ਲੱਗਾ, ''ਮੋਤੀ ! ਬੱਚੇ ਦਾ ਖਿਆਲ ਰੱਖੀਂ'' ਬ੍ਰਾਹਮਣ ਰਾਜਾ ਸਾਹਿਬ ਦੇ ਦਰਬਾਰ ਪਹੁੰਚ ਗਿਆ। ਰਾਜਾ ਸਾਹਿਬ ਨੇ ਬ੍ਰਾਹਮਣ ਦਾ ਬੜਾ ਮਾਨ-ਸਨਮਾਨ ਕੀਤਾ ਕਿਉਂਕਿ ਇਹ ਬ੍ਰਾਹਮਣ ਰਾਜਾ ਸਾਹਿਬ ਦੀ ਵੰਸ਼ ਤੋਂ ਲਗਾਤਾਰ ਪੀੜੀ-ਦਰ ਪੀੜੀ ਸੀ।

ਬ੍ਰਾਹਮਣ ਬਹੁਤ ਹੀ ਇਮਾਨਦਾਰ ਸੀ। ਰਾਜਾ ਸਾਹਿਬ ਜਦੋਂ ਕਦੇ ਵੀ ਪਰਜਾ ਦੀ ਸ਼ਾਂਤੀ ਲਈ ਕੋਈ ਵੀ ਯੱਗ ਜਾਂ ਭੰਡਾਰਾ ਕਰਦਾ ਸੀ, ਤਾਂ ਉਸ ਬ੍ਰਾਹਮਣ ਨੂੰ ਹੀ ਬੁਲਾਉਂਦਾ ਸੀ, ਇਸ ਲਈ ਬ੍ਰਾਹਮਣ ਕਾਫੀ ਮਸ਼ਹੂਰ ਸੀ। ਰਾਜਾ ਸਾਹਿਬ ਨੇ ਬ੍ਰਾਹਮਣ ਨੂੰ ਦਾਨ ਵਿੱਚ ਕਾਫੀ ਧਨ-ਦੌਲਤ ਤੇ ਜ਼ਰੂਰਤ ਦਾ ਸਮਾਨ ਦਿੱਤਾ। ਰਾਜੇ ਵੱਲੋਂ ਧਨ-ਦੌਲਤ ਪ੍ਰਾਪਤ ਕਰਕੇ ਬ੍ਰਾਹਮਣ ਬਹੁਤ ਜਿਆਦਾ ਖੁਸ਼ ਹੋਇਆ।

ਜਦੋਂ ਉਹ ਘਰ ਵਾਪਸ ਆਇਆ, ਤਾਂ ਉਸਦਾ ਵਫ਼ਾਦਾਰ ਕੁੱਤਾ ਖੂਨ ਨਾਲ ਲੱਥ-ਪੱਥ ਸੀ। ਬ੍ਰਾਹਮਣ ਨੇ ਸੋਚਿਆ ਕਿ ਇਸ ਕੁੱਤੇ ਨੇ ਜਰੂਰ ਮੇਰੇ ਬੱਚੇ ਨੂੰ ਮਾਰ ਦਿੱਤਾ ਹੈ। ਬ੍ਰਾਹਮਣ ਨੇ ਪਹਿਲਾਂ ਤਾਂ ਡੰਡੇ ਨਾਲ ਕੁੱਤੇ ਨੂੰ ਕੁੱਟਿਆ ਤੇ ਝੌਂਪੜੀ ਤੋਂ ਬਾਹਰ ਪਈ ਤਲਵਾਰ ਨਾਲ ਕੁੱਤੇ ਦੇ ਟੁਕੜੇ-ਟੁਕੜੇ ਕਰ ਦਿੱਤੇ। ਜਦੋਂ ਉਸ ਨੇ ਅੰਦਰ ਜਾ ਕੇ ਦੇਖਿਆ ਤਾਂ ਉਸ ਦੀਆਂ ਅੱਖਾਂ ਅੱਡੀਆਂ ਹੀ ਰਹਿ ਗਈਆਂ। ਉਸ ਦਾ ਬੱਚਾ ਬਿਲਕੁਲ ਠੀਕ-ਠਾਕ ਸੀ ਬਲਕਿ ਜੰਗਲੀ ਗਿੱਦੜ ਦੇ ਟੁਕੜੇ-ਟੁਕੜੇ ਖਿਲਰੇ ਪਏ ਸਨ। ਉਸ ਨੇ ਆਪਣੇ ਮੱਥੇ ਤੇ ਹੱਥ ਮਾਰਿਆ ਅਤੇ ਸੋਚਣ ਲੱਗਾ ਕਿ ਮੇਰਾ ਕੁੱਤਾ ਤਾਂ ਗਿੱਦੜ ਨੂੰ ਮਾਰ ਕੇ ਹੀ ਖੂਨ ਨਾਲ ਲੱਥ-ਪੱਥ ਹੋਇਆ ਪਿਆ ਸੀ। ਉਹ ਰੋਣ ਅਤੇ ਪਛਤਾਉਣ ਲੱਗ ਪਿਆ ਕਿ ਮੈਂ ਕਰੋਧ ਦੇ ਵਸ ਪੈ ਕੇ ਆਪਣੇ ਵਫ਼ਾਦਾਰ ਕੁੱਤੇ ਨੂੰ ਮਾਰ ਦਿੱਤਾ।

ਸਿੱਖਿਆ - ਪਿਆਰੇ ਬੱਚਿਓ! ਸਾਨੂੰ ਕਦੇ ਵੀ ਕਰੋਧ ਵਿੱਚ ਆ ਕੇ ਕੋਈ ਵੀ ਕੰਮ ਨਹੀਂ ਕਰਨਾ ਚਾਹੀਦਾ, ਨਹੀਂ ਤਾਂ ਸਾਰੀ ਉਮਰ ਪਛਤਾਉਣਾ ਹੀ ਪੈਂਦਾ ਹੈ।



ਬਲਵਿੰਦਰ ਬਾਲਮ

# ਭਗਵਾਨ ਨੇ ਬੱਚੇ

ਭਵਿਖ ਦੀ ਡਾਲ ਉੱਤੇ ਖਿੜ੍ਹ ਰਹੇ ਵਰਦਾਨ ਨੇ ਬੱਚੇ।
ਮੇਰੇ ਸੁੰਦਰ ਭਾਰਤ ਦੇਸ਼ ਦੀ ਪਹਿਚਾਣ ਨੇ ਬੱਚੇ।

ਤੁਸੀ ਭਗਵਾਨ ਨੂੰ ਤੱਕਣਾ ਤਾਂ ਮੇਰੇ ਨਾਲ ਆ ਜਾਉ,
ਉਹ ਕਿਧਰੇ ਦੂਰ ਨਹੀਂ ਯਾਰੋ ਉਹ ਇਹ ਭਗਵਾਨ ਨੇ ਬੱਚੇ।

ਜਿੰਨ੍ਹਾਂ ਦੇ ਘਰ ਇਨ੍ਹਾਂ ਦਾ ਵਾਸ ਨਹੀਂ ਉਹਨਾਂ ਤੋਂ ਜਾ ਪੁੱਛੋ,
ਘਰਾਂ ਦੀ ਆਨ ਨੇ ਬੱਚੇ, ਘਰਾਂ ਦੀ ਸ਼ਾਨ ਨੇ ਬੱਚੇ।

ਕਿਸੇ ਮਾਂ ਤੋਂ ਜ਼ਰਾ ਪੁੱਛੋ ਇਨ੍ਹਾਂ ਦੀ ਕੀ ਹੈ ਪਰਿਭਾਸ਼ਾ ?
ਜਿਗਰ ਦੇ ਖ਼ੂਨ ਨੇ ਬੱਚੇ, ਜਿਗਰ ਦੀ ਜਾਨ ਨੇ ਬੱਚੇ।


ਜੋ ਹੱਸ-ਹੱਸ ਦੇਸ਼ ਦੀ ਖ਼ਾਤਿਰ ਸ਼ਹੀਦੀ ਜਾਮ ਪੀ ਲੈਂਦੇ,
ਉਹ ਕੌਮਾਂ ਵਾਸਤੇ ਇਤਿਹਾਸ ਦਾ ਅਹਿਸਾਨ ਨੇ ਬੱਚੇ।

ਇਹ ਨਾ ਸਮਝੋਂ ਕਿ ਟੀ.ਵੀ.ਮੀਡੀਆ ਨੁਕਸਾਨ ਕਰਦਾ ਹੈ,
ਬੜੇ ਹੁਸ਼ਿਆਰ ਨੇ ਬੱਚੇ ਗੁਣਾਂ ਦੀ ਖਾਨ ਨੇ ਬੱਚੇ।

ਇਹਨਾ ਨੂੰ ਪਿਆਰ ਦਿਉ, ਸਤਿਕਾਰ ਦਿਉ, ਮੂਰਖ ਨਾ ਸਮਝੋ,
ਇਹ ਸਭ ਕੁਝ ਸਮਝਦੇ ਨੇ ਦੋਸਤੋ ਵਿਦਵਾਨ ਨੇ ਬੱਚੇ।

ਇਹ ਵਹਿੰਦੇ ਪਾਣੀਆਂ ਉਤੇ ਲਕੀਰਾਂ ਮਾਰ ਦਿੰਦੇ ਨੇ,
ਐਵੇ ਸਮਝਿਉਂ ਨਾ ਉਮਰ ਵਿਚ ਨਾਦਾਨ ਨੇ ਬੱਚੇ।

ਉਨ੍ਹਾਂ ਹੀ ਗਗਨ ਦੀ ਹਿੱਕ ਤੇ ਧਮਾਲਾਂ ਪਾਉਣੀਆਂ 'ਬਾਲਮ'
ਸੂਰਜ ਵਾਂਗਰਾਂ ਜੋ ਵਕਤ ਤੋਂ ਕੁਰਬਾਨ ਨੇ ਬੱਚੇ।







# ਰੰਗ ਭਰੋ



ਨਾਂ ................................................................................ਉਮਰ..........

ਪੂਰਾ ਪਤਾ.........................................................................................

..............................................................................................................

..................................................................................................................

# ਜੁਲਾਈ ਅੰਕ ਦੀ ਰੰਗ ਭਰੋ ਪ੍ਰਤਿਯੋਗਤਾ ਦਾ ਨਤੀਜਾ

**ਪਹਿਲਾ ਨੰ :**

ਪ੍ਰਦੀਪ ਕੁਮਾਰ (ਉਮਰ 11 ਸਾਲ)
ਨਵੀਂ ਆਬਾਦੀ, ਨਵਾਂ ਸ਼ਹਿਰ
ਜ਼ਿਲਾ ਲੁਧਿਆਣਾ (ਪੰਜਾਬ)

**ਦੂਸਰਾ ਨੰ :**

ਵਿਦਿਤ ਬਜਾਜ (ਉਮਰ 8 ਸਾਲ)
ਪਿੰਡ ਤੇ ਡਾਕਖਾਨਾ -ਖੁਸ਼ਹਾਲਪੁਰ
ਜ਼ਿਲਾ -ਗੁਰਦਾਸਪੁਰ (ਪੰਜਾਬ)

**ਤੀਸਰਾ ਨੰ :**

ਨਿਹਾਰਿਕਾ ਕੰਡਾ (ਉਮਰ 14 ਸਾਲ)
ਕੰਡਾ ਜਿਊਲਰਜ਼, ਤਲਵੰਡੀ ਭਾਈ
ਜ਼ਿਲਾ ਫਿਰੋਜਪੁਰ (ਪੰਜਾਬ)

**ਪਸੰਦ ਕੀਤੇ ਗਏ -**

ਗੁਰਲੀਨ ਕੌਰ (ਡੱਫਰ),
ਹਰਮੂਲ (ਕਲਿਆਣਪੁਰ),
ਏਕਤਾ (ਹਰੀਕੇ ਪਤਨ),
ਗੁਰਪ੍ਰੀਤ (ਗਿੱਦੜਬਾਹਾ),
ਖੁਸ਼ਵੰਤ (ਬਰਨਾਲਾ),
ਜਸ਼ਨੂਰਪ੍ਰੀਤ (ਜਗਰਾਉਂ),
ਗੁਰਵਿੰਦਰ (ਜ਼ੀਰਾ),
ਕਿਰਨਦੀਪ (ਲੁਧਿਆਣਾ),
ਸਿਮਰਨ ਕੌਰ (ਧਰਮਪੁਰਾ),
ਸੁਖਪ੍ਰੀਤ ਸਿੰਘ (ਮਾਨਸਾ),
ਸਹਿਜਪ੍ਰੀਤ (ਅੰਮ੍ਰਿਤਸਰ),
ਪ੍ਰੇਰਨਾ (ਬੇਦੀ ਨਗਰ),
ਹੈਵਨ-ਸੁਮਨ (ਫਗਵਾੜਾ),
ਰਿਦਮ ਚਾਨਣਾ (ਬਸੀ ਪਠਾਣਾ),
ਸਿਦਕ ਭਾਟੀਆ (ਦੋਰਾਹਾ)
ਸੁਭਮ (ਪੁਰਹੀਰਾ),
ਜਸ਼ਨਪ੍ਰੀਤ ਕੌਰ (ਬੋਹਾ),
ਸਰਬਜੀਤ ਕੌਰ (ਜਗਰਾਉਂ),
ਵੰਸ਼ਿਕਾ ਬੇਬੋ (ਬੁਢਲਾਡਾ)



## ਸਤੰਬਰ ਅੰਕ ਦੀ ਰੰਗ ਭਰੋ ਪ੍ਰਤਿਯੋਗਤਾ

ਪਿਛਲੇ ਸਫ਼ੇ ਤੇ ਇਕ ਚਿੱਤਰ ਦਿੱਤਾ ਗਿਆ ਹੈ। ਇਸ ਚਿੱਤਰ 'ਚ ਸੋਹਣੇ-ਸੋਹਣੇ ਰੰਗ ਭਰ ਕੇ *25 ਸਤੰਬਰ 2019* ਤਕ ਸੰਪਾਦਕ, 'ਹੰਸਤੀ ਦੁਨੀਆ', ਨਿਰੰਕਾਰੀ ਕੰਪਲੈਕਸ, ਸੰਤ ਨਿਰੰਕਾਰੀ ਕਾਲੋਨੀ, ਦਿੱਲੀ-9 ਦੇ ਦਫ਼ਤਰ ਚ ਭੇਜ ਦਿਉ।

ਨਤੀਜੇ ਦੀ ਘੋਸ਼ਣਾ 'ਹੰਸਤੀ ਦੁਨੀਆ' ਦੇ *ਨਵੰਬਰ 2019* ਅੰਕ 'ਚ ਕੀਤੀ ਜਾਵੇਗੀ। ਚਿੱਤਰ ਦੇ ਹੇਠਾਂ ਆਪਣਾ ਨਾਂ ਅਤੇ ਪੂਰਾ ਪਤਾ ਸਾਫ਼-ਸਾਫ਼ ਜ਼ਰੂਰ ਲਿਖੋ।

15 ਸਾਲ ਦੀ ਉਮਰ ਤਕ ਦੇ ਬੱਚੇ ਹਿੱਸਾ ਲੈ ਸਕਦੇ ਹਨ।



ਯੋਗੇਸ਼ ਕੁਮਾਰ

# ਮੱਛੀਆਂ ਦਾ ਅਦਭੁਤ ਸੰਸਾਰ

ਸੰਪੂਰਣ ਜਗਤ ਅਣਗਿਣਤ ਭੇਤਾਂ ਅਤੇ ਅਦਭੁਤ ਵਸਤੂਆਂ ਨਾਲ ਭਰਿਆ ਪਿਆ ਹੈ। ਜਿਸ ਤਰ੍ਹਾਂ ਵਿਸ਼ਵ ਭਰ ਵਿੱਚ ਰੁੱਖਾਂ-ਪੌਦਿਆਂ ਦੀਆਂ ਲੱਖਾਂ ਜਾਤੀਆਂ ਮਿਲ ਜਾਂਦੀਆਂ ਹਨ, ਉਸੇ ਤਰ੍ਹਾਂ ਮੱਛੀਆਂ ਦੀਆਂ ਵੀ ਸੈਂਕੜੇ ਪ੍ਰਜਾਤੀਆਂ ਹਨ। ਮੱਛੀਆਂ ਦੀਆਂ ਅਜਿਹੀਆਂ ਕੁਝ ਵਿਚਿਤਰ ਪ੍ਰਜਾਤੀਆਂ ਦੀ ਜਾਣਕਾਰੀ ਹੇਠਾਂ ਦਿੱਤੀ ਜਾ ਰਹੀ ਹੈ।

**ਸਭ ਤੋਂ ਛੋਟੀ ਅਤੇ ਵੱਡੀ ਮੱਛੀ :-** 'ਡਵਾਰਫ ਗੋਬੀ' ਸਮੁੰਦਰ ਦੀ ਸਭ ਤੋਂ ਛੋਟੀ ਮੱਛੀ ਹੈ ਜੋ ਇਕ ਅੰਗੂਠੇ ਦੀ ਛਾਪ ਭਰ ਵਿੱਚ ਸਮਾ ਸਕਦੀ ਹੈ। ਸਭ ਤੋਂ ਵੱਡੀ ਜਲਚਰ 'ਵ੍ਹੇਲ ਸ਼ਾਰਕ' ਦੁਨੀਆ ਦੀ ਸਭ ਤੋਂ ਵੱਡੀ ਜਲਚਰ ਹੈ। ਇਹ ਸਮਝੋ ਕਿ ਜਦ 8 ਸਕੂਬਾ ਡ੍ਰਾਈਵਰ ਸਿਰ ਤੋਂ ਪੈਰ ਦੀ ਉਂਗਲੀ ਤਕ ਇਕ ਦੇ ਬਾਦ ਇਕ ਲੇਟ ਜਾਣ, ਤਦ ਜਾ ਕੇ ਉਹ ਵਹੇਲ ਸ਼ਾਰਕ ਦੀ ਲੰਬਾਈ ਤਕ ਪਹੁੰਚ ਸਕਣਗੇ। ਆਪ ਨੂੰ ਇਹ ਤਾਂ ਪਤਾ ਹੀ ਹੋਏਗਾ ਕਿ ਹਾਥੀ ਦਾ ਵਜਨ ਕਈ ਸੌ ਕਿਲੋ ਹੁੰਦਾ ਹੈ। ਪਰ ਇਕ ਵਹੇਲ 6 ਹਾਥੀਆਂ ਜਿੰਨੀ ਵਜਨਦਾਰ ਹੁੰਦੀ ਹੈ।

**ਹਵਾ ਵਿੱਚ ਉਡਣ ਵਾਲੀ ਮੱਛੀ :-** 'ਹੈਚੇਟ ਫਿਸ਼' ਨਾਮਕ ਮੱਛੀ ਇਕ ਮਾਤਰ ਅਜਿਹੀ ਮੱਛੀ ਹੈ ਜਿਸ ਵਿੱਚ ਹਵਾ ਵਿੱਚ ਉਡਣ ਦੀ ਅਦਭੁੱਤ ਸਮਰਥਾ ਹੈ। ਇਸ ਮੱਛੀ ਦੀ ਲੰਬਾਈ ਮਾਤਰ 3 ਇੰਚ ਹੀ ਹੁੰਦੀ ਹੈ। ਇਸ ਦੇ ਖੰਭ ਕਾਫੀ ਵੱਡੇ ਹੁੰਦੇ ਹਨ ਅਤੇ ਛਾਤੀ ਗਹਿਰੀ ਕਿਉਂਕਿ ਛਾਤੀ ਵਿੱਚ ਹੀ ਉਹ ਮਾਸਪੇਸ਼ੀਆਂ ਹੁੰਦੀਆਂ ਹਨ ਜੋ ਤੈਰਦੇ ਸਮੇਂ ਇਹਨਾਂ ਦੀ ਕੰਮ ਆਉਂਦੀ ਹੈ। ਜਦ ਇਸ ਦੇ ਦੁਸ਼ਮਣ ਇਸ ਦਾ ਪਿੱਛਾ ਕਰਦੇ ਹਨ ਤਾਂ ਇਹ ਉਡ ਕੇ ਆਪਣੀ ਜਾਨ ਬਚਾਉਂਦੀ ਹੈ। ਪਹਿਲੇ ਕੁਝ ਦੂਰ ਪਾਣੀ ਵਿੱਚ ਸਰਪਟ ਦੌੜ ਕੇ ਇਹ ਹਵਾ ਵਿੱਚ ਛਾਲ ਮਾਰਦੀ ਹੈ ਅਤੇ ਫਿਰ ਖੰਭਾਂ ਨੂੰ ਜੋਰ ਨਾਲ ਫੜਫੜਾਉਂਦੇ ਹੋਏ ਕਰੀਬ ਡੇਢ ਮੀਟਰ ਤਕ ਹਵਾ ਵਿੱਚ ਉਡਦੀ ਹੈ ਅਤੇ ਉਸ ਦੇ ਬਾਦ ਫਿਰ ਪਾਣੀ ਵਿੱਚ ਡਿਗ ਪੈਂਦੀ ਹੈ। ਇਹ ਮੱਛੀ ਹਵਾ ਵਿੱਚ ਆਪਣੀ ਦਿਸ਼ਾ ਨਹੀਂ ਬਦਲ ਸਕਦੀ। ਭਾਰੀ ਭਰਕਮ ਸੀਨੇ ਦੇ ਕਾਰਨ ਇਸਦਾ ਆਕਾਰ ਇਕ ਕੁਹਾੜੀ ਵਰਗਾ ਦਿਖਾਈ ਦਿੰਦਾ ਹੈ, ਇਸ ਲਈ ਇਸ ਨੂੰ ਹੈਚੇਟ (ਕੁਹਾੜੀ) ਫਿਸ਼ ਨਾਮ ਦਿੱਤਾ ਗਿਆ ਹੈ।

**ਸਿਰ ਨਾਲ ਸਾਹ ਲੈਣ ਵਾਲੀਆਂ ਮੱਛੀਆਂ :-** ਥਾਈਲੈਂਡ ਅਤੇ ਬੋਰਨੀਓ ਦੀ ਪ੍ਰਚੰਡ ਜਲਧਾਰਾਵਾਂ ਵਿੱਚ ਸਿਰ ਨਾਲ ਸਾਹ ਲੈਣ ਵਾਲੀ 'ਗਾਯਰੀਨੋ ਸ਼ੇਲਮ' ਪ੍ਰਜਾਤੀ ਦੀਆਂ ਅਨੋਖੀਆਂ ਮੱਛੀਆਂ ਮਿਲਦੀਆਂ ਹਨ। ਮੱਛੀਆਂ ਦੀ ਇਸ ਪ੍ਰਜਾਤੀ ਨੂੰ ਉਹਨਾਂ ਦੇ ਸਾਹ ਲੈਣ ਦੇ ਅਸਧਾਰਣ ਤਰੀਕੇ ਦੇ ਕਾਰਣ ਇਹ ਨਾਮ ਦਿਤਾ ਗਿਆ ਹੈ। ਆਮਤੌਰ ਤੇ ਮੱਛੀਆਂ ਮੂੰਹ ਦੇ ਰਾਹ ਪਾਣੀ ਖਿਚ ਕੇ ਅਤੇ ਗਲਫੜਿਆਂ ਦੇ ਰਾਹ ਬਾਹਰ ਕੱਢ ਕੇ ਸਾਹ ਲੈਂਦੀਆਂ ਹਨ ਅਤੇ ਇਸ ਪ੍ਰਕ੍ਰਿਆ ਵਿੱਚ ਪਾਣੀ ਚੋਂ ਆਕਸੀਜਨ ਖਿਚ ਲੈਂਦੀਆਂ ਹਨ ਜਦਕਿ 'ਗਾਯਰੀਨੋ ਸ਼ੇਲਸ' ਪ੍ਰਜਾਤੀ ਦੀਆਂ ਮੱਛੀਆਂ ਲਈ ਅਜਿਹਾ ਕਰਨਾ ਸੰਭਵ ਨਹੀਂ ਹੈ ਕਿਉਂਕਿ ਮੱਛੀਆਂ ਆਪਣੇ ਮੂੰਹ ਦਾ ਇਸਤੇਮਾਲ ਪਾਣੀ ਦੀ ਤੇਜ਼ ਧਾਰਾ ਵਿਚੋਂ ਖੁਦ ਨੂੰ ਵਹਿਣ ਤੋਂ ਬਚਾਉਣ ਲਈ ਕਰਦੀਆਂ ਹਨ। ਆਪਣੇ ਮੂੰਹ ਦੇ ਮਾਧਿਆਮ ਨਾਲ ਇਹ ਚਟਾਨਾਂ ਨਾਲ ਚਿਪਕ ਜਾਂਦੀਆਂ ਹਨ ਅਤੇ ਪਾਣੀ ਦੇ ਤੇਜ਼ ਬਹਾਵ ਵਿੱਚ ਵਹਿਣ ਤੋਂ ਬਚ ਜਾਂਦੀਆਂ ਹਨ। ਇਸ ਮੱਛੀ ਦੇ ਸਿਰ ਤੇ ਦੋ ਛੇਕ ਹੁੰਦੇ ਹਨ ਜੋ ਗਲਫੜਿਆਂ ਵਿਚੋਂ ਪਾਣੀ ਨੂੰ ਗੁਜਾਰਦੇ ਹਨ।

**ਜੋਰਦਾਰ ਬਿਜਲੀ ਦਾ ਝਟਕਾ ਮਾਰਨ ਵਾਲੀਆਂ ਮੱਛੀਆਂ :-** 'ਇੰਗੁਈਲਾ' ਨਾਮਕ ਬਿਜਲੀ ਪੈਦਾ ਕਰਨ ਵਾਲੀਆ ਮੱਛੀਆਂ ਮਿਲ ਜਾਂਦੀਆਂ ਹਨ। ਜਿਨ੍ਹਾਂ ਦਾ ਸਰੀਰ ਸੱਪ ਵਾਂਗ ਹੁੰਦਾ ਹੈ ਅਤੇ ਲੰਬਾਈ ਤਿੰਨ ਫੁੱਟ ਤੋਂ ਜ਼ਿਆਦਾ ਹੁੰਦੀ ਹੈ। ਇਹਨਾਂ ਮੱਛੀਆਂ ਦੀ ਚਮੜੀ ਪਾਣੀ ਅਤੇ ਹਵਾ ਦੋਵਾਂ ਵਿੱਚ ਸਾਹ ਲੈਣ ਯੋਗ ਹੁੰਦੀ ਹੈ ਅਤੇ ਇਹ ਮੱਛੀਆਂ ਗਿੱਲੀ ਘਾਹ ਤੇ ਰੇਂਗ-ਰੇਂਗ ਕੇ ਚਲ ਸਕਦੀਆਂ ਹਨ। ਜਿਨਮੋਟਸ ਅਤੇ ਇਲੈਕਟ੍ਰੋਫੋਰਸ ਨਾਮਕ ਮੱਛੀਆਂ ਵਿੱਚ ਮੈਟਾਮਾਫਿਕ ਮਾਸਪੇਸ਼ੀਆਂ ਦੇ ਬਣੇ ਬਿਜਲੀ ਅੰਗ ਹੁੰਦੇ ਹਨ ਜਿਨ੍ਹਾਂ ਨਾਲ ਕਾਫੀ ਸ਼ਕਤੀਸ਼ਾਲੀ ਝਟਕਾ ਲਗ ਸਕਦਾ ਹੈ ਜੋ 370 ਵੋਲਟ ਤਕ ਹੋ ਸਕਦਾ ਹੈ। ਟਾਰਪੀਡੋ ਨਾਮਕ ਇਕ ਹੋਰ ਮੱਛੀ ਵੀ 100 ਵੋਲਟ ਤਕ ਦਾ ਬਿਜਲੀ ਦਾ ਝਟਕਾ ਮਾਰਦੀ ਹੈ। ਇਹ ਮੱਛੀ ਅਟਲਾਂਟਿਕਾ ਅਤੇ ਹਿੰਦ ਮਹਾਂਸਾਗਰ ਵਿੱਚ ਮਿਲ ਜਾਂਦੀ ਹੈ। ਇਹਨਾਂ ਦੇ ਇਲਾਵਾ ਇੱਕ ਅਜਿਹੀ ਮੱਛੀ ਵੀ ਹੈ ਜੋ 600 ਵੋਲਟ ਤੋਂ ਵੀ ਜ਼ਿਆਦਾ ਬਿਜਲੀ ਪੈਦਾ ਕਰਦੀ ਹੈ। ਸੱਪ ਵਰਗੀ ਹੀ ਆਕ੍ਰਿਤੀ ਵਾਲੀ ਇਹ ਮੱਛੀ ਦੁਸ਼ਮਣਾ ਤੋਂ ਆਪਣੀ ਰੱਖਿਆ ਲਈ ਉਹਨਾਂ ਨੂੰ ਤੇਜ਼ ਕਰੰਟ ਦਾ ਝਟਕਾ ਮਾਰਦੀ ਹੈ। ਇਸ ਤੇਜ਼ ਝਟਕੇ ਦਾ ਸ਼ਿਕਾਰ ਹੋਣ ਵਾਲੇ ਪਸ਼ੂ ਜਾਂ ਮਨੁੱਖ ਦੀ ਮੌਤ ਤਕ ਹੋ ਜਾਂਦੀ ਹੈ। ਇਸ ਮੱਛੀ ਦੇ ਸਰੀਰ ਵਿੱਚ ਬਿਜਲੀ ਬਣਾਉਣ ਵਾਲੇ ਤਿੰਨ ਇਲੈਕਟ੍ਰਿਕਲ ਅੰਗ ਹੁੰਦੇ ਹਨ ਜੋ ਇਸ ਦੇ ਸਰੀਰ ਦੇ ਦੋ ਤਿਹਾਈ ਹਿੱਸੇ ਵਿੱਚ ਫੈਲੇ ਹੁੰਦੇ ਹਨ।



# ਅਤਿਆਚਾਰ ਦਾ ਅੰਤ

❐ ਚੰਦਰਭਾਨ

ਸੁੰਦਰਵਨ ਵਿੱਚ ਸਭ ਕੁਝ ਠੀਕ-ਠਾਕ ਚਲ ਰਿਹਾ ਸੀ। ਵਨ ਵਿੱਚ ਪੂਰੀ ਤਰ੍ਹਾਂ ਸ਼ਾਂਤੀ ਕਾਇਮ ਸੀ। ਨਿਆਂ ਲਈ ਜਾਨਵਰਾਂ ਨੂੰ ਆਪਨੇ ਰਾਜਾ ਸ਼ੇਰਸਿੰਘ ਤੇ ਪੂਰਾ ਭਰੋਸਾ ਸੀ। ਪ੍ਰੰਤੂ ਉਸ ਦਿਨ ਤੋਂ ਇਸ ਜੰਗਲ ਦੀ ਖੁਸ਼ਹਾਲੀ ਨੂੰ ਜਿਵੇਂ ਕਿਸੇ ਦੁਸ਼ਮਣ ਦੀ ਨਜ਼ਰ ਹੀ ਲਗ ਗਈ ਸੀ ਕਿਉਂਕਿ ਲਾਗੇ ਦੇ ਜੰਗਲ ਤੋਂ ਸ਼ੇਰਸਿੰਘ ਦਾ ਭਤੀਜਾ ਇਸ ਜੰਗਲ ਵਿੱਚ ਰਹਿਣ ਲਈ ਆ ਗਿਆ ਸੀ। ਉਸ ਦਾ ਨਾਮ ਸੀ ਤੇਜ ਸਿੰਘ ; ਜਿਹੋ ਜਿਹਾ ਨਾਮ ਉਹੋ ਜਿਹਾ ਕੰਮ। ਉਸ ਨੇ ਸਾਰਿਆਂ ਦੇ ਨੱਕ ਵਿੱਚ ਦਮ ਕਰ ਰੱਖਿਆ ਸੀ। ਅਗਰ ਉਹਨੂੰ ਭੋਜਨ ਲਈ ਇਕ ਜਾਨਵਰ ਦੀ ਲੋੜ ਹੁੰਦੀ ਸੀ ਤਾਂ ਉਹ ਚਾਰ ਜਾਨਵਰਾਂ ਦਾ ਸ਼ਿਕਾਰ ਕਰਦਾ। ਇਕ ਦਿਨ ਜਦ ਗਿੱਲੂ ਗਲਿਹਰੀ ਨੇ ਉਹਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੇ ਗਿੱਲੂ ਦੇ ਘਰ ਨੂੰ ਤੋੜ ਦਿੱਤਾ ਅਤੇ ਉਸ ਦੇ ਬੱਚਿਆਂ ਨੂੰ ਵੀ ਰੁੱਖ ਤੋਂ ਹੇਠਾਂ ਸੁੱਟ ਕੇ ਮਾਰ ਦਿੱਤਾ। ਲਗਭਗ ਸਾਰੇ ਜਾਨਵਰ ਉਸ ਦੀਆਂ ਘਿਨਾਉਣੀਆਂ ਹਰਕਤਾਂ ਤੋਂ ਤੰਗ ਆ ਗਏ ਸਨ। ਤੰਗ ਆਏ ਜਾਨਵਰਾਂ ਨੇ ਰਾਜਾ ਸ਼ੇਰ ਸਿੰਘ ਨੂੰ ਸ਼ਿਕਾਇਤ ਕਰਨ ਦਾ ਮਨ ਬਣਾਇਆ। ਸ਼ਿਕਾਇਤ ਸੁਣਨ ਦੇ ਬਾਦ ਸ਼ੇਰ ਸਿੰਘ ਨੇ ਕਿਹਾ ਕਿ ਨੇੜੇ ਦਾ ਰਿਸ਼ਤੇਦਾਰ ਹੋਣ ਕਾਰਣ ਉਹ ਤੇਜ ਸਿੰਘ ਨੂੰ ਜੰਗਲ ਵਿਚੋਂ ਨਹੀਂ ਕੱਢ ਸਕਦੇ ਕਿਉਂਕਿ ਇਸ ਨਾਲ ਉਹਨਾਂ ਦੀ ਰਿਸ਼ਤੇਦਾਰੀ ਵਿੱਚ ਫਰਕ ਪੈਂਦਾ ਹੈ। ਹਾਂ ਅਗਰ ਉਹ ਖੁਦ ਚਲਾ ਜਾਏ ਤਾਂ ਉਹ ਉਹਨੂੰ ਰੁਕਣ ਲਈ ਨਹੀਂ ਕਹਿਣਗੇ। ਇਹ ਸੁਣ ਦੇ ਜੰਗਲਵਾਸੀਆਂ ਦੀ ਆਖਰੀ ਉਮੀਦ ਤੇ ਵੀ ਪਾਣੀ ਫਿਰ ਗਿਆ। ਪ੍ਰੰਤੂ ਤੇਜ ਸਿੰਘ ਤੋਂ ਤਾਂ ਛੁਟਕਾਰਾ ਪਾਉਣਾ ਹੀ ਸੀ ਇਸ ਲਈ ਜਾਨਵਰਾਂ ਨੇ ਗੱਜੂ ਹਾਥੀ ਦੀ ਅਗਵਾਈ ਹੇਠ ਇਕ ਸਭਾ ਬੁਲਾਈ ਜਿਸ ਵਿੱਚ ਸਾਰੇ ਜਾਨਵਰਾਂ ਨੇ ਤੇਜ ਸਿੰਘ ਤੋਂ ਛੁਟਕਾਰਾ ਪਾਉਣ ਦੀ ਆਪਨੀ-ਆਪਨੀ ਯੋਜਨਾ ਰੱਖੀ। ਪ੍ਰੰਤੂ ਕੋਈ ਹੱਲ ਨਿਕਲੇ ਬਿਨਾ ਹੀ ਬੈਠਕ ਸਮਾਪਤ ਹੋ ਗਈ।



ਅਗਲੇ ਦਿਨ ਚਲਾਕ ਲੂੰਮੜੀ ਨੇ ਆਪਣੀ ਯੋਜਨਾ ਦੱਸੀ। ਉਸ ਨੇ ਦੱਸਿਆ ਕਿ ਜੰਗਲ ਵਿੱਚ ਇਕ ਸ਼ਿਕਾਰੀ ਨੇ ਸ਼ੇਰ ਨੂੰ ਫੜਨ ਲਈ ਇਕ ਗਹਿਰਾ ਖੱਡਾ ਬਣਾਇਆ ਹੈ। ਅਸੀਂ ਉਸ ਵਿੱਚ ਤੇਜ਼ ਸਿੰਘ ਨੂੰ ਫਸਾ ਦੇਵਾਂਗੇ। ਸਾਰੇ ਜਾਨਵਰਾਂ ਨੇ ਯੋਜਨਾ ਨੂੰ ਸਹੀ ਦੱਸ ਕੇ ਉਸ ਦਾ ਸਾਥ ਦੇਣ ਦੀ ਹਾਮੀ ਭਰੀ।

ਅਗਲੇ ਹੀ ਦਿਨ ਯੋਜਨਾ ਦੇ ਅਨੁਸਾਰ ਰੁੱਖ ਦੇ ਹੇਠਾਂ ਸੌਂ ਰਹੇ ਤੇਜ ਸਿੰਘ ਉਤੇ ਚਿਪਕੂ ਬਾਂਦਰ ਨੇ ਰੁੱਖ ਤੇ ਚੜ ਕੇ ਪੱਥਰ ਸੁੱਟ ਦਿੱਤਾ। ਸੱਟ ਖਾਈ ਤੇਜ ਸਿੰਘ ਨੇ 'ਆਵ ਵੇਖਿਆ ਨਾ ਤਾਵ' ਅਤੇ ਚਿਪਕੂ ਨੂੰ ਸਜਾ ਦੇਣ ਲਈ ਉਸ ਦੇ ਪਿਛੇ-ਪਿਛੇ ਦੌੜਿਆ। ਚਿਪਕੂ ਤਾਂ ਕੁਦ ਕੇ ਖੱਡਾ ਪਾਰ ਕਰਕੇ ਰੁੱਖ ਤੇ ਚੜ ਗਿਆ ਪ੍ਰੰਤੂ ਤੇਜ ਸਿੰਘ ਘਾਹਫੂਸ ਨਾਲ ਢੱਕੇ ਖੱਡੇ ਨੂੰ ਨਹੀਂ ਵੇਖ ਸਕਿਆ ਅਤੇ ਉਸ ਵਿੱਚ ਡਿਗ ਗਿਆ। ਉਸ ਦੇ ਡਿਗਦੇ ਹੀ ਸਾਰੇ ਜਾਨਵਰ ਜੋ ਆਸ-ਪਾਸ ਲੁਕੇ ਹੋਏ ਸਨ, ਬਾਹਰ ਆ ਗਏ ਅਤੇ ਚਿਪਕੂ ਬਾਂਦਰ ਨੂੰ ਉਸ ਦੀ ਕਾਮਯਾਬੀ ਤੇ ਵਧਾਈ ਦੇਣ ਲੱਗੇ। ਇਹ ਵੇਖ ਕੇ ਹੁਣ ਤਕ ਸਾਰੀ ਯੋਜਨਾ ਤੇਜ ਸਿੰਘ ਦੇ ਦਿਮਾਗ ਵਿੱਚ ਆ ਗਈ ਸੀ। ਜਾਨਵਰਾਂ ਤੇ ਕਹਿਰ ਵਰਸਾਉਣ ਵਾਲਾ ਤੇਜ ਸਿੰਘ ਅੱਜ ਜਾਨਵਰਾਂ ਦੇ ਸਾਹਮਣੇ ਬੇਵੱਸ ਖੜਾ ਸੀ। ਜਾਨਵਰਾਂ ਦੇ ਕੁਝ ਕਹੇ ਬਿਨਾ ਹੀ ਤੇਜ ਸਿੰਘ ਦੀਆਂ ਅੱਖਾਂ ਸਾਹਮਣੇ ਉਹ ਦ੍ਰਿਸ਼ ਆਉਣ ਲੱਗੇ ਜਦ ਉਸ ਨੇ ਜਾਨਵਰਾਂ ਨੂੰ ਤੰਗ ਕੀਤਾ ਸੀ। ਉਹ ਖੁਦ ਤੇ ਸ਼ਰਮਿੰਦਾ ਹੋ ਕੇ ਜਾਨਵਰਾਂ ਤੋਂ ਮਾਫੀ ਮੰਗਣ ਲੱਗਾ ਅਤੇ ਆਪਣੀਆਂ ਹਰਕਤਾਂ ਤੇ ਪਛਤਾਵਾ ਕਰਨ ਲੱਗਾ। ਉਹ ਅਗੇ ਤੋਂ ਅਜਿਹੀਆਂ ਹਰਕਤਾਂ ਤੋਂ ਬਾਜ਼ ਆਉਣ ਦੀ ਗੱਲ ਕਹਿਣ ਲੱਗਾ। ਹੁਣ ਤਕ ਜੰਗਲ ਦਾ ਰਾਜਾ ਸ਼ੇਰ ਸਿੰਘ ਵੀ ਉਥੇ ਆ ਗਿਆ ਸੀ। ਜਾਨਵਰ ਉਹਨੂੰ ਮਾਫ਼ ਨਹੀਂ ਕਰਨਾ ਚਾਹੁੰਦੇ ਸਨ ਪ੍ਰੰਤੂ ਚਿਪਕੂ ਬਾਂਦਰ ਜੋ ਹੁਣ ਤਕ ਸ਼ਾਂਤ ਸੀ, ਕਹਿਣ ਲੱਗਾ ਸਾਨੂੰ ਤੇਜ਼ ਸਿੰਘ ਨੂੰ ਮਾਫ਼ ਕਰ ਦੇਣਾ ਚਾਹੀਦਾ ਹੈ ਕਿਉਂਕਿ ਇਹ ਸਾਡਾ ਮਹਿਮਾਨ ਹੈ ਅਤੇ ਅਗਰ ਇਹਨੂੰ ਸ਼ਿਕਾਰੀ ਫੜ ਕੇ ਲੈ ਜਾਂਦਾ ਹੈ ਤਾਂ ਅਸੀਂ ਆਪਣੇ ਗਵਾਂਢ ਦੇ ਜੰਗਲ ਵਿੱਚ ਰਹਿਣ ਵਾਲੇ ਮਿੱਤਰਾਂ ਨੂੰ ਕੀ ਜਵਾਬ ਦੇਵਾਂਗੇ। ਸਾਨੂੰ ਬੁਰਾਈ ਦਾ ਬਦਲਾ ਚੰਗਿਆਈ ਨਾਲ ਦੇਣਾ ਚਾਹੀਦਾ ਹੈ ਨਾ ਕਿ ਬੁਰਾਈ ਨਾਲ।

ਸਾਰੇ ਜਾਨਵਰਾਂ ਨੇ ਚਿਪਕੂ ਦੀ ਸਮਝਦਾਰੀ ਦੀ ਪ੍ਰਸੰਸਾ ਕਰਦੇ ਹੋਏ ਤੇਜ ਸਿੰਘ ਨੂੰ ਮਾਫ਼ ਕਰ ਦਿਤਾ। ਗੱਜੂ ਹਾਥੀ ਨੇ ਉਸ ਨੂੰ ਸੁੰਡ ਦੇ ਸਹਾਰੇ ਨਾਲ ਬਾਹਰ ਕੱਢਿਆ। ਤੇਜ ਸਿੰਘ ਨੇ ਸਾਰੇ ਜਾਨਵਰਾਂ ਦਾ ਧੰਨਵਾਦ ਕਰਦੇ ਹੋਏ ਭਵਿੱਖ ਵਿੱਚ ਅਜਿਹੀ ਗਲਤੀ ਦੁਬਾਰਾ ਨਾ ਕਰਨ ਦਾ ਵਾਅਦਾ ਕੀਤਾ ਅਤੇ ਖ਼ੁਸ਼ੀ-ਖ਼ੁਸ਼ੀ ਆਪਣੇ ਘਰ ਵਾਪਸ ਚਲਾ ਗਿਆ। ਹੁਣ ਜੰਗਲ ਵਿੱਚ ਫਿਰ ਪਹਿਲਾਂ ਵਰਗੀ ਅਮਨ-ਸ਼ਾਂਤੀ ਵਾਪਸ ਆਈ ਸੀ।

# ਕਦੇ ਨਾ ਭੁੱਲੋ

* ਉਸ ਦਿਨ ਸਾਡੀਆਂ ਸਾਰੀਆਂ ਪ੍ਰੇਸ਼ਾਨੀਆਂ ਖਤਮ ਹੋ ਜਾਣਗੀਆਂ ਜਿਸ ਦਿਨ ਸਾਨੂੰ ਯਕੀਨ ਹੋ ਜਾਵੇਗਾ ਕਿ ਹਰ ਕੰਮ ਸਤਿਗੁਰੂ ਦੀ ਮਰਜ਼ੀ ਅਨੁਸਾਰ ਹੁੰਦਾ ਹੈ।
  (ਸਤਿਗੁਰੂ ਮਾਤਾ ਸੁਦਿਕਸ਼ਾ ਜੀ ਮਹਾਰਾਜ)
* ਸੁੰਦਰਤਾ ਦੀ ਭਾਲ ਵਿੱਚ ਅਸੀਂ ਚਾਹੇ ਸੰਸਾਰ ਦਾ ਚੱਕਰ ਲਗਾ ਆਈਏ, ਅਗਰ ਉਹ ਸਾਡੇ ਅੰਦਰ ਨਹੀਂ ਹੈ ਤਾਂ ਕਿਤੇ ਨਹੀਂ ਮਿਲੇਗੀ। - ਇਮਰਸਨ
* ਜਿਸ ਨੂੰ ਆਪਣਾ ਫਰਜ਼ ਨਹੀਂ ਦਿਸਦਾ ਉਹ ਅੰਨ੍ਹਾ ਹੁੰਦਾ ਹੈ।
* ਫਰਜ਼ ਪਾਲਣਾ ਹੀ ਸੱਚੀ ਆਰਾਧਨਾ ਹੈ।
* ਦੁਸ਼ਟ ਆਦਮੀ ਡਰ ਨਾਲ ਆਗਿਆ ਪਾਲਣ ਕਰਦੇ ਹਨ, ਚੰਗੇ ਆਦਮੀ ਪ੍ਰੇਮ ਨਾਲ।
  - ਅਰਸਤੂ
* ਮਨੁੱਖ ਦੇ ਮਨ ਵਿੱਚ ਸੰਤੋਖ ਹੋਣਾ ਸਵਰਗ ਦੀ ਪ੍ਰਾਪਤੀ ਤੋਂ ਵੀ ਵੱਧ ਹੈ। ਸੰਤੋਖ ਹੀ ਸਭ ਤੋਂ ਵੱਡਾ ਸੁਖ ਹੈ ਉਸ ਤੋਂ ਵਧ ਕੇ ਸੰਸਾਰ ਵਿੱਚ ਕੁਝ ਵੀ ਨਹੀਂ ਹੈ।
  - ਵੇਦਵਿਆਸ
* ਜਿਸ ਕੋਲ ਧੀਰਜ ਹੈ ਅਤੇ ਮਿਹਨਤ ਤੋਂ ਘਬਰਾਉਂਦਾ ਨਹੀਂ, ਕਾਮਯਾਬੀ ਉਸ ਦੀ ਦਾਸੀ ਹੈ।
  - ਸਵਾਮੀ ਦਯਾਨੰਦ ਸਰਸਵਤੀ
* ਸਦਾਚਾਰ (ਸਦਵਿਵਹਾਰ) ਦਾ ਤਿਆਗ ਕਰਕੇ ਕਿਸੇ ਨੇ ਆਪਣਾ ਕਲਿਆਣ ਨਹੀਂ ਕੀਤਾ।
  - ਵਿਸ਼ਨੂੰ ਪੁਰਾਣ
* ਮਿੱਠਾ ਵਿਵਹਾਰ ਜ਼ਰੂਰ ਮਿਲੇਗਾ, ਤੁਸੀਂ ਮਿੱਠੇ ਬੋਲ ਬੋਲੋ। - ਭਰਤਹਰਿ
* ਵਿਅਕਤੀ ਦੀ ਪਹਿਚਾਣ ਉਸ ਦੇ ਕਪੜਿਆਂ ਤੋਂ ਨਹੀਂ ਉਸ ਦੇ ਚਰਿੱਤਰ ਤੋਂ ਹੁੰਦੀ ਹੈ।
  - ਮਹਾਤਮਾ ਗਾਂਧੀ
* ਦਯਾ ਅਤੇ ਪ੍ਰੇਮ ਭਰੇ ਸ਼ਬਦ ਛੋਟੇ ਹੋ ਸਕਦੇ ਹਨ ਲੇਕਿਨ ਅਸਲ ਵਿੱਚ ਉਹਨਾਂ ਦੀ ਗੂੰਜ ਅਨੰਤ ਹੁੰਦੀ ਹੈ। - ਮਦਰ ਟੇਰੇਸਾ
* ਲੋਕ ਆਪਣੇ ਫਰਜ਼ ਭੁਲ ਜਾਂਦੇ ਹਨ ਲੇਕਿਨ ਆਪਣੇ ਅਧਿਕਾਰ ਯਾਦ ਰੱਖਦੇ ਹਨ।
  - ਇੰਦਰਾ ਗਾਂਧੀ
* ਸਾਡੇ ਬਲੀਦਾਨ ਅਤੇ ਮਿਹਨਤ ਨਾਲ ਸਾਨੂੰ ਜੋ ਆਜ਼ਾਦੀ ਮਿਲੀ ਹੈ, ਉਹਨੂੰ ਅਸੀਂ ਆਪਣੀ ਤਾਕਤ ਨਾਲ ਬਚਾ ਕੇ ਰੱਖ ਸਕਦੇ ਹਾਂ।
  - ਸੁਭਾਸ਼ਚੰਦਰ ਬੋਸ
* ਆਜ਼ਾਦੀ ਦੀ ਰੱਖਿਆ ਕੇਵਲ ਸੈਨਿਕਾਂ ਦਾ ਕੰਮ ਨਹੀਂ ਹੈ। ਪੂਰੇ ਦੇਸ਼ ਨੂੰ ਮਜ਼ਬੂਤ ਹੋਣਾ ਪਏਗਾ। - ਲਾਲ ਬਹਾਦਰ ਸ਼ਾਸ਼ਤਰੀ

❑ ਸੰਗ੍ਰਹਿ ਕਰਤਾ : ਡਿੰਪਲਜੀਤ ਰੰਧਾਵਾ



ਗੁਰਦੇਵ ਸਿਘ

# ਬੱਦਲ ਅਤੇ ਸਮੁੰਦਰ

ਇਕ ਦਿਨ ਸਮੁੰਦਰ ਨੇ ਬੱਦਲ ਤੋਂ ਪੁੱਛਿਆ – ਮੇਰਾ ਪਾਣੀ ਤਾਂ ਖਾਰਾ ਹੈ। ਕੋਈ ਪਸ਼ੂ-ਪੰਛੀ ਤਕ ਪੀਣਾ ਨਹੀਂ ਚਾਹੁੰਦਾ। ਫਿਰ ਤੂੰ ਮੇਰੇ ਪਾਣੀ ਨੂੰ ਲੈ ਕੇ ਕੀ ਕਰਨਾ ਚਾਹੁੰਦਾ ਹੈਂ?

– ਬਰਸ ਕੇ ਲੋੜਵੰਦਾਂ ਨੂੰ ਦੇਂਦਾ ਹਾਂ। – ਬੱਦਲ ਨੇ ਜਵਾਬ ਦਿੱਤਾ।

– ਭਲਾ ਖਾਰੇ ਪਾਣੀ ਦੀ ਲੋੜ ਕਿਸ ਨੂੰ ਪੈਂਦੀ ਹੈ? – ਸਮੁੰਦਰ ਨੂੰ ਬੱਦਲ ਦੀ ਗੱਲ ਸਮਝ ਵਿੱਚ ਨਹੀਂ ਆਈ।

ਬੱਦਲ ਬੋਲਿਆ – ਜਦ ਤਕ ਉਹ ਪਾਣੀ ਆਪ ਦੇ ਕੋਲ ਹੈ, ਤਦ ਤਕ ਖਾਰਾ ਹੈ। ਮੇਰੇ ਗ੍ਰਹਿਣ ਕਰਨ ਦੇ ਬਾਅਦ ਉਹ ਮਿੱਠਾ ਹੋ ਜਾਂਦਾ ਹੈ।

– ਉਹ ਕਿਵੇਂ? – ਸਮੁੰਦਰ ਉਤਸੁਕ ਹੋ ਉਠਿਆ।

– ਆਪ ਦੂਸਰਿਆਂ ਤੋਂ ਜਿੰਨਾ ਲੈਂਦੇ ਹੋ, ਉਸ ਅਨੁਪਾਤ ਵਿੱਚ ਦੂਸਰਿਆਂ ਨੂੰ ਘੱਟ ਦਿੰਦੇ ਹੋ। ਇਹੀ ਵਜ੍ਹਾ ਹੈ ਕਿ ਆਪ ਦਾ ਪਾਣੀ ਸਦਾ ਖਾਰਾ ਰਹਿੰਦਾ ਹੈ। – ਬੱਦਲ ਨੇ ਅਗੇ ਕਿਹਾ – ਪਰ ਮੈਂ ਜਿੰਨਾ ਪਾਣੀ ਆਪ ਤੋਂ ਲੈਂਦਾ ਹਾਂ, ਕੁਝ ਵੀ ਆਪਣੇ ਕੋਲ ਨਹੀਂ ਰੱਖਦਾ। ਸਭ ਦੂਸਰਿਆਂ ਨੂੰ ਦੇ ਦਿੰਦਾ ਹਾਂ। ਇਹੀ ਮੁਖ ਕਾਰਣ ਹੈ ਕਿ ਆਪ ਦੇ ਕੋਲੋਂ ਜਦ ਪਾਣੀ ਮੇਰੇ ਕੋਲ ਆਉਂਦਾ ਹੈ ਤਾਂ ਉਹ ਖਾਰੇ ਤੋਂ ਮਿੱਠਾ ਹੋ ਜਾਂਦਾ ਹੈ। ਉਸ ਵਿੱਚ ਕੁਝ ਵੀ ਖਾਰਾਪਨ ਨਹੀਂ ਰਹਿੰਦਾ।

– ਬੱਦਲ ਨੇ ਸਮਝਾਇਆ।

ਬੱਦਲ ਦੀਆਂ ਤਰਕਸੰਗਤ ਗੱਲਾਂ ਸੁਣ ਕੇ ਸਮੁੰਦਰ ਚੁੱਪ ਹੋ ਗਿਆ।

ਅਮਨਪ੍ਰੀਤ ਸਿੰਘ

# ਰੁੱਖ ਲਗਾਈਏ

ਧਰਤੀ ਨੂੰ ਹਰਾ-ਭਰਾ ਬਣਾਈਏ
ਇਧਰ-ਉਧਰ, ਚਾਰ ਚੁਫੇਰੇ,
ਆਓ ਬੱਚਿਓ ਸਾਰੇ ਰਲ ਕੇ,
ਇੱਕ-ਇੱਕ ਰੁੱਖ ਲਗਾਈਏ।

ਰੁੱਖਾਂ ਬਿਨਾ ਨਹੀਂ ਸਾਡਾ ਵਸਾਹ,
ਇਹਨਾਂ ਨਾਲ ਹੀ ਚੱਲਦੇ ਸਾਹ,
ਸਾਰੇ ਮਿਲ ਕੇ ਖੁਸ਼ੀਆਂ ਲਿਆਈਏ,
ਆਓ ਬੱਚਿਓ ਸਾਰੇ ਰਲ ਕੇ,
ਇੱਕ-ਇੱਕ ਰੁੱਖ ਲਗਾਈਏ

ਰੁੱਖ ਦੇ ਕੇ ਸਾਨੂੰ ਠੰਢੀ ਛਾਂ,
ਧੁੱਪ ਤੋਂ ਕਰਦੇ ਸਾਡਾ ਬਚਾਅ,
ਇਹਨਾਂ ਨੂੰ ਕੱਟਣਾ ਬੰਦ ਕਰਾਈਏ,
ਆਓ ਬੱਚਿਓ ਸਾਰੇ ਰਲ ਕੇ
ਇੱਕ-ਇੱਕ ਰੁੱਖ ਲਗਾਈਏ

ਧਰਤੀ ਨੂੰ ਸ਼ੁੱਧ ਤੇ ਸਾਫ ਬਣਾਓ,
ਚਾਰੇ ਪਾਸੇ ਰੁੱਖ ਲਗਾਓ,
ਆਉ! ਮਿਲ ਕੇ ਨਾਅਰਾ ਲਗਾਈਏ,
ਆਓ ਬੱਚਿਓ ਸਾਰੇ ਰਲ ਕੇ,
ਇੱਕ-ਇੱਕ ਰੁੱਖ ਲਗਾਈਏ।



ਪੰਛੀ-ਜਗਤ : ਡਾ: ਪਰਸ਼ੂਰਾਮ ਸ਼ੁਕਲ

# ਲੰਮੀ ਪੂਛ ਵਾਲਾ ਪੰਛੀ :

# ਮਹਾਲਤ



ਮਹਾਲਤ ਇਕ ਅਜਿਹਾ ਪੰਛੀ ਹੈ ਜਿਸ ਦੀ ਪੂਛ ਇਸ ਦੇ ਸਰੀਰ ਦੇ ਆਕਾਰ ਤੋਂ ਵੀ ਵੱਡੀ ਹੁੰਦੀ ਹੈ। ਇਸ ਦਾ ਆਕਾਰ ਮੈਨਾ ਦੇ ਬਰਾਬਰ ਹੁੰਦਾ ਹੈ। ਮਹਾਲਤ ਦੇ ਸਰੀਰ ਦਾ ਰੰਗ ਭੂਰਾ-ਸਲੇਟੀ ਅਤੇ ਸਿਰ ਅਤੇ ਗਰਦਨ ਦਾ ਹਿੱਸਾ ਭੂਰਾ-ਕਥਈ ਹੁੰਦਾ ਹੈ। ਇਸ ਦੀ ਪੂਛ ਦੀ ਲੰਬਾਈ ਇਕ ਫੁੱਟ ਤਕ ਹੁੰਦੀ ਹੈ। ਪੂਛ ਦੇ ਦੋਵੇਂ ਕਿਨਾਰੇ ਅਤੇ ਸਿਰੇ ਦਾ ਹਿੱਸਾ ਕਾਲਾ ਹੁੰਦਾ ਹੈ ਅਤੇ ਵਿਚਕਾਰ ਦਾ ਹਿੱਸਾ ਸਫੇਦੀ ਲਏ ਹੋਏ ਹਲਕਾ ਮਟਮੈਲਾ-ਜਿਹਾ ਹੁੰਦਾ ਹੈ।

ਮਹਾਲਤ ਦੀ ਉੜਾਨ ਬੜੀ ਆਕਰਸ਼ਿਕ ਹੁੰਦੀ ਹੈ। ਇਹ ਉਡਣ ਤੋਂ ਪਹਿਲਾਂ ਆਵਾਜ਼ ਕਰਦਾ ਹੋਇਆ ਆਪਣੇ ਖੰਭ ਫੜਫੜਾਉਂਦਾ ਹੈ ਅਤੇ ਫਿਰ ਸਾਰੇ ਖੰਭ ਫੈਲਾ ਕੇ ਸੱਪ ਦੀ ਤਰ੍ਹਾਂ ਲਹਿਰਾਉਂਦਾ ਹੈ। ਇਸ ਦੇ ਬਾਦ ਉਡ ਜਾਂਦਾ ਹੈ।

ਨਰ ਅਤੇ ਮਾਦਾ ਮਹਾਲਤ ਦਾ ਰੂਪ ਰੰਗ ਇਕੋ ਜਿਹਾ ਹੁੰਦਾ ਹੈ। ਮਹਾਲਤ ਭਾਰਤ ਵਿੱਚ ਹਮੇਸ਼ਾ ਸਾਰੇ ਸਥਾਨਾਂ ਤੇ ਮਿਲ ਜਾਂਦਾ ਹੈ। ਭਾਰਤ ਵਿੱਚ ਇਸ ਦੀਆਂ ਚਾਰ ਜਾਤੀਆਂ ਵੇਖਣ ਨੂੰ ਮਿਲਦੀਆਂ ਹਨ। ਜਿਨ੍ਹਾਂ ਦੇ ਆਕਾਰ, ਪੂਛ ਅਤੇ ਰੰਗ ਰੂਪ ਵਿੱਚ ਥੋੜਾ ਬਹੁਤ ਫਰਕ ਹੁੰਦਾ ਹੈ। ਮਹਾਲਤ ਪੇਂਡੂ ਬਸਤੀਆਂ ਦੇ ਨੇੜੇ ਘੱਟ ਘਣੇ, ਝਾੜੀ ਵਾਲੇ ਜੰਗਲਾਂ ਵਿੱਚ ਰਹਿਣਾ ਪਸੰਦ ਕਰਦਾ ਹੈ। ਇਹ ਆਮਤੌਰ ਤੇ ਆਪਣੇ ਜੋੜਿਆ ਨਾਲ ਜਾਂ ਝੁੰਡ ਦੇ ਨਾਲ ਰਹਿੰਦਾ ਹੈ ਅਤੇ ਕਦੇ-ਕਦੇ ਘਰ ਦੇ ਵਿਹੜੇ ਵਿੱਚ ਵੀ ਫੁਦਕਦਾ ਹੋਇਆ ਆ ਜਾਂਦਾ ਹੈ। ਇਹਨੂੰ ਜੰਗਲ ਦੇ ਛੋਟੇ-ਛੋਟੇ ਸ਼ਿਕਾਰੀ ਪੰਛੀਆਂ ਦੀਆਂ ਟੋਲੀਆਂ ਵਿੱਚ ਵੀ ਉਡਦੇ ਵੇਖਿਆ ਜਾ ਸਕਦਾ ਹੈ।



ਮਹਾਲਤ ਦੀ ਬੋਲੀ ਬੜੀ ਅਦਭੁਤ ਹੁੰਦੀ ਹੈ। ਇਹ ਕਦੇ ਤਾਂ ਬੜੀ ਤੇਜ਼, ਕਰਕਸ਼ ਅਤੇ ਕਠੋਰ ਆਵਾਜ਼ ਕੱਢਦਾ ਹੈ ਅਤੇ ਕਦੇ ਬਹੁਤ ਜ਼ਿਆਦਾ ਮਿੱਠੀ ਸੰਗਤੀਮਈ।


ਮਹਾਲਤ ਫਲ-ਫੁਲ, ਕੀੜੇ-ਮਕੌੜੇ, ਡੱਡੂ, ਛਿਪਕਲੀ ਆਦਿ ਸਭ ਕੁਝ ਖਾਂਦਾ ਹੈ। ਕਦੇ-ਕਦੇ ਇਹਨੂੰ ਜੰਗਲ ਵਿੱਚ ਪਏ ਹੋਏ ਮ੍ਰਿਤ ਜਾਨਵਰਾਂ ਨੂੰ ਵੀ ਖਾਂਦੇ ਹੋਏ ਵੇਖਿਆ ਗਿਆ ਹੈ। ਮਹਾਲਤ ਇਕ ਜਾਲਮ ਪੰਛੀ ਹੈ। ਜਦ ਇਹਨੂੰ ਸ਼ਿਕਾਰ ਨਹੀਂ ਮਿਲਦਾ ਤਾਂ ਇਹ ਰੁੱਖਾਂ ਤੇ ਬਣੇ ਹੋਏ ਚਿੜੀਆਂ ਦੇ ਆਲ੍ਹਣਿਆਂ ਤੇ ਹਮਲਾ ਕਰਦਾ ਹੈ ਅਤੇ ਆਲ੍ਹਣਿਆਂ ਦੇ ਆਂਡਿਆਂ ਨੂੰ ਖਾ ਜਾਂਦਾ ਹੈ। ■



# ਦਾਦਾ ਜੀ

ਚਿੱਤਰਕਾਰ ਅਤੇ ਲੇਖਕ - ਅਜੈ ਕਾਲੜਾ





ਚੀਕੂ ਨੇ ਮਨ ਹੀ ਮਨ ਸੋਚਿਆ - ਇਹ ਅੰਬ ਦਾ ਰੁੱਖ ਤਾਂ ਕੁਝ ਦਿਨਾਂ ਵਿੱਚ ਫਲਾਂ ਨਾਲ ਭਰ ਜਾਏਗਾ, ਕਿਉਂ ਨਾ ਇਥੇ ਹੀ ਆਪਣੀ ਵਸੋਂ ਬਣਾਈ ਜਾਏ।
ਉਹ ਫੌਰਨ ਉਛਲ ਕੇ ਰੁੱਖ ਤੇ ਚੜ ਗਿਆ ਅਤੇ ਕੋਇਲ ਤੇ ਚਿਲਾਉਂਦਾ ਹੋਇਆ ਬੋਲਿਆ, ''ਬੰਦ ਕਰੋ ਗਾਣਾ-ਵਜਾਣਾ। ਅੱਜ ਤੋਂ ਇਹ ਰੁੱਖ ਮੇਰਾ ਘਰ ਹੈ। ਭੱਜੋ ਇਥੋਂ।'
ਕੋਇਲ ਡਰਦੇ ਹੋਏ ਬੋਲੀ, ''ਲੇਕਿਨ ਚੀਕੂ ਭਾਈ, ਪਹਿਲਾਂ ਤਾਂ ਮੈਂ ਹੀ ਇਥੇ ਆਈ ਸੀ।''
ਕੋਇਲ ਦੇ ਅਜਿਹਾ ਬੋਲਦੇ ਹੀ ਚੀਕੂ ਨੇ ਉਹਨੂੰ ਗੁੱਸੇ ਨਾਲ ਘੂਰਿਆ ਅਤੇ ਕਿਹਾ- ''ਵਿਖਾਉ ਜਰਾ ਆਪਣਾ ਆਲ੍ਹਣਾ। ਸਾਰੇ ਜਾਣਦੇ ਹਨ ਕਿ ਤੂੰ ਖੁਦ ਤਾਂ ਆਪਣੇ ਆਂਡੇ ਕਾਂ ਦੇ ਆਲ੍ਹਣੇ ਵਿੱਚ ਦਿੰਦੀ ਹੋ।''



ਚੀਕੂ ਦੇ ਮੂੰਹੋਂ ਅਜਿਹੀ ਗੱਲ ਸੁਣ ਕੇ ਕੋਇਲ ਬਹੁਤ ਦੁਖੀ ਹੋਈ ਅਤੇ ਉਹ ਉਦਾਸ ਮਨ ਨਾਲ ਦੂਸਰੇ ਰੁੱਖ ਤੇ ਚਲੀ ਗਈ।
ਤਦੇ ਨਾਲ ਵਾਲੇ ਅਮਰੂਦ ਦੇ ਰੁੱਖ ਤੇ ਰਹਿਣ ਵਾਲੀ ਗਿਲੂ ਗਲਹਿਰੀ ਬੋਲੀ, '' ਚੀਕੂ, ਤੈਨੂੰ ਕੋਇਲ ਨਾਲ ਅਜਿਹਾ ਵਰਤਾਉ ਨਹੀ ਕਰਨਾ ਚਾਹੀਦਾ ਸੀ।''
ਲੇਕਿਨ ਚੀਕੂ ਦੇ ਕੰਨ ਤੇ ਜੂੰ ਤਕ ਨਹੀ ਸਰਕੀ।
ਉਲਟਾ ਉਹ ਗਿੱਲੂ ਤੇ ਬਰਸ ਪਿਆ, ''ਤੂੰ ਮੈਨੂੰ ਨਾ ਸਿਖਾ।'' ਮੈਨੂੰ ਕੀ ਕਰਨਾ ਚਾਹੀਦਾ ਹੈ ਕੀ ਨਹੀ?''


ਸਾਰੇ ਜਾਨਵਰ ਚੀਕੂ ਦੀ ਗੱਲ ਸੁਣ ਕੇ ਹੈਰਾਨ ਸਨ।
ਕੁਝ ਹੀ ਦਿਨਾਂ ਵਿੱਚ ਉਹ ਰੁੱਖ ਅੰਬਾਂ ਨਾਲ ਲੱਦ ਗਿਆ। ਚੀਕੂ ਰੋਜ਼ ਮਿੱਠੇ ਰਸੀਲੇ ਅੰਬ ਬੜੇ ਚਾਅ ਨਾਲ ਖਾਣ ਲੱਗਾ।
ਕੁਝ ਮਹੀਨਿਆਂ ਬਾਦ ਅੰਬ ਦਾ ਮੌਸਮ ਖਤਮ ਹੋਣ ਲੱਗਾ। ਰੁੱਖ ਤੇ ਹੋਰ ਫਲ ਆਉਣੇ ਰੁਕ ਗਏ। ਚੀਕੂ ਪ੍ਰੇਸ਼ਾਨ ਹੋਣ ਲੱਗਾ।
ਦੂਸਰੇ ਪਾਸੇ, ਦੂਸਰੇ ਜਾਨਵਰ ਮਜ਼ੇ ਨਾਲ ਹੋਰ ਫਲ ਕੁਤਰ-ਕੁਤਰ ਕੇ ਖਾ ਰਹੇ ਸਨ।
ਇਕ ਦਿਨ ਭੁੱਖ ਨਾਲ ਬੇਹਾਲ ਹੋ ਕੇ ਚੀਕੂ ਬਾਂਦਰ ਫਲ ਮੰਗਣ ਲਈ ਖਰਗੋਸ਼ ਦੇ ਕੋਲ ਜਾ ਪਹੁੰਚਾ।
ਖਰਗੋਸ਼ ਨੇ ਚੀਕੂ ਨੂੰ ਖੁਸ਼ੀ-ਖੁਸ਼ੀ ਫਲ ਦਿੱਤੇ। ਚੀਕੂ ਨੂੰ ਆਪਣੀ ਗਲਤੀ ਤੇ ਪਛਤਾਵਾ ਹੋਣ ਲੱਗਾ ਅਤੇ ਉਸ ਨੇ ਕੋਇਲ ਨਾਲ ਕੀਤੇ ਵਿਵਹਾਰ ਲਈ ਖਰਗੋਸ਼ ਤੋਂ ਮਾਫ਼ੀ ਮੰਗੀ। ਚੀਕੂ ਸਮਝ ਗਿਆ ਸੀ ਕਿ ਮਿਲ-ਜੁਲ ਕੇ ਰਹਿਣ ਵਿੱਚ ਹੀ ਭਲਾਈ ਹੈ।
ਸਿੱਖਿਆ : ਸਾਨੂੰ ਸਾਰਿਆਂ ਨੂੰ ਮਿਲ-ਜੁਲ ਕੇ ਰਹਿਣਾ ਚਾਹੀਦਾ ਹੈ।

# ਬੁੱਧੀ ਦੀ ਪਰਖ

ਦੋਹਾਂ ਚਿਤੱਰਾਂ ਵਿਚੋਂ
10 ਅੰਤਰ ਲੱਭੋ!








Video & Audio Webcasts on www.nirankari.org - Every month

SANT NIRANKARI MISSION

Registered with the
Registrar of Newspaper
For India Under RNI No. 32345/77

Delhi Postal Regd. No. G-3/DL (N)/137/2018-20
Licence No. U (DN)-60/2018-20
Licenced to post without Pre-payment




# ਨਿਰੰਕਾਰੀ ਪਤ੍ਰ-ਪਤ੍ਰਕਾਵਾਂ ਪੜ੍ਹੋ ਅਤੇ ਪੜ੍ਹਾਉ !

ਸੰਤ ਨਿਰੰਕਾਰੀ (ਗਿਆਰਾਂ ਭਾਸ਼ਾਵਾਂ ਵਿਚ) | ਏਕ ਨਜ਼ਰ (ਤਿੰਨ ਭਾਸ਼ਾਵਾਂ ਵਿਚ) | ਹੰਸਤੀ ਦੁਨੀਆ (ਚਾਰ ਭਾਸ਼ਾਵਾਂ ਵਿੱਚ)

'ਸੰਤ ਨਿਰੰਕਾਰੀ' 'ਹੰਸਤੀ ਦੁਨੀਆ (ਹਿੰਦੀ, ਪੰਜਾਬੀ ਅਤੇ ਅੰਗਰੇਜ਼ੀ) ਅਤੇ
'ਏਕ ਨਜ਼ਰ' (ਹਿੰਦੀ ਅਤੇ ਪੰਜਾਬੀ) ਦਾ ਮੈਂਬਰ ਬਣਨ ਲਈ ਸੰਪਰਕ ਕਰੋ–
ਪਤ੍ਰਿਕਾ ਵਿਭਾਗ, ਨਿਰੰਕਾਰੀ ਕੰਪਲੈਕਸ, ਨਿਰੰਕਾਰੀ ਸਰੋਵਰ ਦੇ ਨੇੜੇ
PH. 011–47660200, E-mail : patrika@nirankari.org

## ਸੰਤ ਨਿਰੰਕਾਰੀ, ਹੰਸਤੀ ਦੁਨੀਆ, ਏਕ ਨਜ਼ਰ (ਮਰਾਠੀ) ਅਤੇ ਸੰਤ ਨਿਰੰਕਾਰੀ (ਨੇਪਾਲੀ) ਦਾ ਮੈਂਬਰ ਬਣਨ ਲਈ ਸੰਪਰਕ ਕਰੋ

**Sant Nirankari Satsang Bhawan**
**1st Floor, 50, Morbag Road, Naigaon, Dadar (E) MUMBAI-400 014 (Mah.)**
e-mail : chandunirankari@yahoo.com & marathi@nirankari.org

## ਹੋਰ ਭਾਸ਼ਾਵਾਂ ਦੀਆਂ ਪਤ੍ਰਕਾਵਾਂ ਦਾ ਮੈਂਬਰ ਬਣਨ ਲਈ ਹੇਠ ਲਿਖੇ ਅਨੁਸਾਰ ਸੰਪਰਕ ਕਰੋ

**TAMIL**
Sant Nirankari Satsang Bhawan, #7, Govindan Street, Ayavoo Naidu Colony, Aminji Karai, CHENNAI-600 029 (T.N.)
Ph. 04423740830

**ORIYA**
Sant Nirankari Satsang Bhawan, Kazidiha, Post Madhupatna, CUTTACK-753 010 (Orissa)
Ph. 0671-2341250

**TELUGU**
Sant Nirankari Satsang Bhawan, No. 6-2-970, Khairtabad, HYDERABAD-Pin : 500 029
Ph. 0104-23317879

**GUJRATI**
Sant Nirankari Satsang Bhawan, 1st Floor, 50, Morbag Road, Naigaon, Dadar (E) MUMBAI - 400 014 (Mah.)
Ph. 22-24102047

**KANNADA**
Sant Nirankari Satsang Bhawan, 88, Rattanvillas Road, Southend Circle, Basavangudi, BENGALURU-560 004 (Karnataka)
Ph. 080-26577212

**BANGLA**
Sant Nirankari Satsang Bhawan, 884,G.T. Road, Laxmipur-2 East Bardhman—713101
Ph. 0342-2657219

ਪਤ੍ਰ-ਪਤ੍ਰਕਾਵਾਂ ਦੇ ਪ੍ਰਸਾਰ ਅਭਿਆਨ ਵਿਚ ਯੋਗਦਾਨ ਦੇ ਕੇ
ਸਤਿਗੁਰੂ ਮਾਤਾ ਜੀ ਦੇ ਅਸ਼ੀਰਵਾਦ ਦੇ ਪਾਤਰ ਬਣੋ।

Posted at NDPSO Prescribed dates 23rd & 24th. Date of Publication: 17th & 18th (Advance Month)